# ਸੋਚਾਂ ਸੱਧਰਾਂ ਤੇ ਪੀੜਾਂ



ਈਸ਼ਰ ਸਿੰਘ ਮੌਜੀ

# ਸੋਚਾਂ ਸੱਧਰਾਂ ਤੇ ਪੀੜਾਂ



ਈਸ਼ਰ ਸਿੰਘ ਮੌਜੀ

# ਸੋਚਾਂ ਸਧਰਾਂ ਤੇ ਪੀੜਾਂ

## (ਮਿੰਨੀ ਕਹਾਣੀ ਸੰਗ੍ਰਹਿ)

**ਈਸ਼ਰ ਸਿੰਘ 'ਮੌਜੀ'**

(email: jaswant.singh@usask.ca)

# ਸੋਚਾਂ ਸਧਰਾਂ ਤੇ ਪੀੜਾਂ

(ਮਿੰਨੀ ਕਹਾਣੀ ਸੰਗ੍ਰਹਿ)

**ਈਸ਼ਰ ਸਿੰਘ 'ਮੌਜੀ'**

ਗਲੀ ਨੰਬਰ 7-ਐੱਲ,

ਹੀਰਾ ਬਾਗ, ਜਗਰਾਓਂ-142026

ਪੰਜਾਬ

ਫੋਨ: 1624-227868

email: jaswant.singh@usask.ca

**ਸਾਲ:2005**

**© ਲੇਖਕ**

**ਕੀਮਤ:**

**ਪ੍ਰਕਾਸ਼ਕ:**
**ਏਸੀਆ ਵਿਜ਼ਨਜ਼**

Published & Printed By
**ASIA VISIONS**
2920, Gurdev Nagar,
Ludhiana, Punjab
India-41001
Ph. 2643911
Email. janmeja@email.com

## ਸਮਰਪਣ

ਅੱਤ ਨਿੱਘੇ ਪਿਆਰ ਨਾਲ ਤੇਜਸਵੀ, ਗੁਰਨੂਰ ਅਮੀਤੋਜ,
ਜਸਵੀਨ, ਗੁਨੀਤ-ਨਿੱਕੇ ਬੱਚਿਆਂ ਦੀਆਂ ਵੱਡੀਆਂ ਸੰਭਾਵਨਾਵਾਂ ਨੂੰ

# ਤਤਕਰਾ


| | | | |
|---|---|---|---|
| 7 | 'ਸੋਚਾਂ ਸੱਧਰਾਂ ਤੇ ਪੀੜਾਂ' ਦੇ ਮੁੱਖ ਸ਼ਬਦਾਂ ਵਜੋਂ | 31 | ਵੱਡੇ ਸਬਰ |
| | | 32 | ਵੋਟ ਸੰਧਾਰਾ |
| 13 | ਕ੍ਰਿਸ਼ਨ-ਸੁਧਾਮਾ | 33 | ਸੁਹਾਗ ਜੋੜੀ |
| 14 | ਉਪਰਲਾ ਅਫਸਰ | 34 | ਦੇਸ਼ ਨਿਕਾਲਾ |
| 15 | ਭੀਮ | 35 | ਕਬਾਬ ਦੀ ਹੱਡੀ |
| 16 | ਨਵੀਂ ਰਜਾਈ | 36 | ਘਰ-ਜਵਾਈ |
| 17 | ਹੀਰੋ | 37 | ਕਾਗਜ਼ੀ ਜੋੜੇ |
| 18 | ਉਧਾਲਾ | 38 | ਸ਼ਿਕਾਰ |
| 19 | ਲਾਗ ਦੀ ਬਿਮਾਰੀ | 39 | ਆਖਰੀ ਫੂਕ |
| 20 | ਦੂਜਾ ਤਲਾਕ | 40 | ਸਿਆਸੀ ਵਰਦਾਨ |
| 21 | ਡੁਲ੍ਹੇ ਬੇਰ | 41 | ਸੋਚ |
| 22 | ਡੇਟਿੰਗ | 42 | ਜ਼ਮੀਰ |
| 23 | ਮਜਬੂਰੀਆਂ | 43 | ਅੱਤਵਾਦੀ |
| 24 | ਸਮਝੌਤਾ | 44 | ਮਹਾਨਤਾ |
| 25 | ਯਤੀਮ ਖਾਣਾ | 45 | ਪੇਇੰਗ ਗੈਸਟ |
| 26 | ਦੁਚਿੱਤੀ | 46 | ਬੇਪਰਦ ਪਰਦੇ |
| 27 | ਮਜ਼ਦੂਰ ਦਿਨ | 47 | ਚੀਰ ਹਰਣ |
| 28 | ਦਿਹਾੜੀ | 48 | ਬੁਢਾਪਾ ਸਾਲ |
| 29 | ਬੱਜਟ | 49 | ਮਰਦ ਹੈਂਕੜ |
| 30 | ਘੁੱਗੀ | 50 | ਕੌੜਾ ਸੱਚ |

51 ਮਜੀਠਾ ਰੰਗ
52 ਸਖਤ ਤਾੜਨਾ
53 ਕੁਸਗਣ
54 ਮਗਰਮੱਛ
55 ਜਨਾਜ਼ਾ
56 ਸੁਨਹਿਰੀ ਅਸੂਲ
57 ਕੁਚੀਲ ਮੌਤ
58 ਚੀਕ
59 ਹੱਥ ਪੀਲੇ
60 ਹਾਏ! ਬਾਪੂ
61 ਸਮਾਰੋਹ
62 ਸਾਹਾ
63 ਆਖਰੀ ਚੀਕ
64 ਸਰਕਾਰੀ ਹੱਤਿਆ
65 ਸੁਪਨਾ
66 ਪਿਆਰ ਦਾ ਪਿਆਰ
67 ਦਹੇਜ
68 ਹੱਤਿਆਰਾ
69 ਮੂੰਹ-ਅੱਡਿਆ
70 ਸੰਤਾਪ
71 ਦਿਲ ਰਹਿਤ ਡਾਕਟਰ
72 ਨਰਸ
73 ਹੈਰਾਨੀ
74 ਬੰਦ ਬੂਹੇ
75 ਖੰਭਾਂ ਦੀ ਡਾਰ
76 ਪਹਿਚਾਣ
77 ਹਾਅ ਦਾ ਨਾਹਰਾ
78 ਕੰਜਰ ਖਾਨਾ
79 ਦੀਵਾਲੀ
80 ਅਣ ਸੋਚਿਆ
81 ਭੁੱਖ ਦਾ ਡਕਾਰ
82 ਅਣ ਆਈ ਮੌਤ
83 ਸਹਿਯੋਗ
84 ਉਡੀਕ
85 ਸਵੈਮਾਣ
86 ਕਾਲਜੀ-ਕਾਂਨ੍ਹ
87 ਸਜਰਾ ਸੰਧੂਰ
88 ਤੀਜੀ ਔਰਤ
89 ਜੈ ਮਾਲਾ
90 ਲਾਸ਼
91 ਸਾਂਝੀ-ਚਿਤਾ
92 ਅਹਿਮ ਸਮੱਸਿਆ

93 ਭੜਾਸ

94 ਰੋਂਦੀਆਂ-ਖੁਸ਼ੀਆਂ

95 ਅਵੱਲਾ ਰੋਹ

96 ਨਵਾਂ ਪੱਥਰ

97 ਆਖਰੀ ਹੌਂਕਾ

98 ਨਿਰਦੋਸ਼

99 ਪੱਲਾ ਝਾੜ

100 ਸ਼ਰਧਾ

101 ਪਾਲਤੂ ਕੁੱਤੇ

102 ਸੱਚਾ ਸੌਦਾ

103 ਪਰਾਈਆਂ ਪੀੜਾਂ

104 ਭੀਲਣੀ ਦੀ ਯਾਦ

105 ਤਿੜਕੀ ਚੁੱਪ

106 ਪੁੱਠੀ ਸਿੱਧੀ ਰੀਤ

107 ਨਵੇਂ ਰਿਸਤੇ

108 ਨਵੀਂ ਆਸ

109 ਲਛਮਣ ਰੇਖਾ

110 ਅਪਾਹਜ ਸੋਚ

111 ਬੱਚਾ ਚੁੱਪ ਸੀ

# ‘ਸੋਚਾਂ ਸੱਧਰਾਂ ਤੇ ਪੀੜਾਂ’ ਦੇ ਮੁੱਖ ਸ਼ਬਦਾਂ ਵਜੋਂ

ਤੁਸੀਂ ਲੇਖਕ ਨੂੰ ਜਾਣਦੇ ਹੋਵੋਂ, ਪਹਿਚਾਣਦੇ ਹੋਵੋਂ ਜਾਂ ਫਿਰ ਉਸਦਾ ਜੀਵਨ ਬਿਉਰਾ ਸਾਹਮਣੇ ਹੋਵੇ। ਤੁਸੀਂ ਉਸ ਵਾਰੇ ਸੁਣਿਆ ਹੋਵੇ, ਪੜ੍ਹਿਆ ਹੋਵੇ ਜਾਂ ਉਸਦੀਆਂ ਲਿਖਤਾਂ ਪੜ੍ਹੀਆਂ ਹੋਣ ਤਾਂ ਉਸਦੀਆਂ ਅਣਛੱਪੀਆਂ ਨਵੀਆਂ ਰਚਨਾਵਾਂ ਸਬੰਧੀ ਰਾਇ ਦੇਣੀ ਜਾਂ ਪਹਿਚਾਣ ਕਰਵਾਉਣੀ ਸੌਖਾ ਕਾਰਜ ਹੈ, ਕਿਉਂਕਿ ਤੁਸੀਂ ਉਸਦੀ ਸਖਸ਼ੀਅਤ ਤੋਂ ਉਸਦੀ ਸੋਚ, ਭਾਵਨਾਵਾਂ, ਵਿਚਾਰਧਾਰਾ, ਪਹੁੰਚ ਆਦਿ ਵਾਰੇ ਕਾਫੀ ਕੁੱਛ ਜਾਣ ਚੁੱਕੇ ਹੁੰਦੇ ਹੋ ਅਤੇ ਉਸੇ ਅਧਾਰ ਤੇ ਉਸਦੀਆਂ ਰਚਨਾਵਾਂ ਨੂੰ ਸਮਝਣ, ਵਿਚਾਰਨ ਅਤੇ ਪਾਠਕਾਂ ਨਾਲ ਪਹਿਚਾਣ ਕਰਵਾਉਣ ਲਈ ਅਗਾਊ ਨਿੱਗਰ ਸਮਝ ਬਣਾ ਚੁੱਕੇ ਹੁੰਦੇ ਹੋ। ਪਰ ਜਦੋਂ ਤੁਸੀਂ ਲੇਖਕ ਵਾਰੇ, ਇਕ ਖਲਾਅ ਵਿਚ ਹੋਵੋਂ ਤਾਂ ਉਸਦੀਆਂ ਰਚਨਾਵਾਂ ਸਬੰਧੀ ਭੂਮਿਕਾ ਲਿਖਣੀ ਚੰਗੀ ਤਕੜੀ ਮਿਹਨਤ ਦੀ ਮੰਗ ਕਰਦੀ ਹੈ। ਅਣਜਾਣ ਲੇਖਕ ਦੀਆਂ ਲਿਖਤਾਂ ਵਾਰੇ ਲਿਖਣਾ ਇੱਕ ਪੱਖੋਂ ਵਧੇਰੇ ਸਾਰਥਿਕ ਸਹੀ ਰਾਇ ਬਣਾਉਂਣਾ ਵੀ ਹੈ ਕਿਉਂਕਿ ਉਸਦੀ ਸਖਸ਼ੀਅਤ ਤੁਹਾਡੇ ਦਿਮਾਗ ਤੋਂ ਮਨਫੀ ਹੁੰਦੀ ਹੈ ਅਤੇ ਤੁਸੀਂ ਉਸਦੀਆਂ ਰਚਨਾਵਾਂ ਦੇ ਪਾਠ ਤੋਂ ਉਸਦੀ ਸਖਸ਼ੀਅਤ ਸਥਾਪਤ ਕਰਦੇ ਹੋ। ਈਸ਼ਰ ਸਿੰਘ ਮੌਜੀ ਦੇ ਮਿੰਨੀ ਕਹਾਣੀ ਸੰਗ੍ਰਹਿ ਸੋਚਾਂ, ਸਧਰਾਂ ਤੇ ਪੀੜਾਂ ਦੇ ਮੁੱਖ ਸ਼ਬਦ ਲਿਖਣਾ ਮੇਰੇ ਲਈ ਕਹਾਣੀ ਸੰਗ੍ਰਹਿ ’ਚੋਂ ਲੇਖਕ ਦੀ ਸਖਸ਼ੀਅਤ ਘੜ੍ਹਣ ਅਤੇ ਨਿਰੋਲ ਕਹਾਣੀਆਂ ਦੇ ਅਧਾਰ ਤੇ, ਬਗੈਰ ਕਿਸੇ ਪੂਰਣ ਧਾਰਨਾ ਜਾਂ ਪ੍ਰਭਾਵ ਦੇ ਪਾਠਕਾਂ ਨਾਲ ਮੁੱਢਲੀ ਜਾਣ ਪਹਿਚਾਣ ਕਰਵਾਉਣਾ ਹੈ।

ਸੋਚਾਂ, ਸਧਰਾਂ ਤੇ ਪੀੜਾਂ, ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਹੀ ਪਾਠਕ ’ਚ ਪੜ੍ਹਣ ਦੀ ਦਿਲਚਸਪੀ ਪੈਦਾ ਕਰਦੀ ਹੈ ਅਤੇ ਕ੍ਰਿਸ਼ਨ-ਸੁਧਾਮਾਂ ਨਾਂ ਤੋਂ ਹੀ ਇਤਿਹਾਸ/ਮਿਥਿਹਾਸ ਨਾਲ ਪਾਠਕ ਨੂੰ ਪਿਛਲਖੋੜੀ ਜੋੜਣ ਦਾ ਕਾਰਨ ਬਣਦੀ ਹੈ। ਪਾਠਕ ਦੀ ਪੂਰਣ ਧਾਰਨਾ ਬਚਪਨ ਦੀ ਦੋਸਤੀ ਦੀਆਂ ਪੀਡੀਆਂ ਗੰਢਾਂ ਤੇ ਅਮੀਰੀ ਗਰੀਬੀ ਤੋਂ ਪਾਰ ਦੇ ਮਾਨਵੀ ਸਬੰਧਾਂ ਨਾਲ ਜੁੜੇ ਹੋਣ ਵਲ ਸੇਧਤ ਕਰਦੀ ਹੈ ਪਰ ਕਹਾਣੀ ਦਾ ਅੰਤ ਅੱਜ ਦੀਆਂ ਪਰਸਥਿਤੀਆਂ ਦੇ ਬਦਲਦੇ ਸਰੋਕਾਰਾਂ ਨਾਲ ਅੰਤਲੇ ਪੜਾਅ ਤੇ ਖਤਮ ਹੁੰਦੀ ਹੈ।

ਸਕੂਲ ਦੇ ਪਾਠਕ੍ਰਮ ਵਿੱਚ ਇਕ ਕਹਾਣੀ ਹੁੰਦੀ ਸੀ- ਕ੍ਰਿਸ਼ਨ-ਸੁਧਾਮਾਂ ਦੀ। ਇਕ ਗਰੀਬ ਤੇ ਇਕ ਅਮੀਰ। ਬਚਪਨ ’ਚ ਦੋਨੋਂ ਦੋਸਤੀ ਦੀ ਬੁੱਕਲ ਵਿੱਚ ਵੱਡੇ ਹੋਏ

। ਅਮੀਰ ਰਾਜਾ ਬਣ ਗਿਆ ਤੇ ਗਰੀਬ ਦਾ ਮੁੰਡਾ ਗਰੀਬ ਹੀ ਰਿਹਾ। ਪਰਿਵਾਰ ਦੀ ਘੋਰ ਆਰਥਿਕ ਤੰਗੀ ਨੇ ਸੁਧਾਮੇ ਨੂੰ ਬਚਪਨ ਦੇ ਮਿੱਤਰ ਦੀ ਯਾਦ ਦਿਵਾਈ। ਝਿਜਕਦਾ ਝਿਜਕਦਾ ਉਹ ਰਾਜ ਦਰਬਾਰ ਪਹੁੰਚ ਗਿਆ। ਕ੍ਰਿਸ਼ਨ ਆਪ ਚੱਲ ਕੇ ਬਚਪਨ ਦੇ ਮਿੱਤਰ ਨੂੰ ਲੈਣ ਆਇਆ। ਉਸਦੀ ਖਾਤਿਰਦਾਰੀ ਕੀਤੀ। ਗਰੀਬ ਦੋਸਤ ਦੀ ਆਰਥਿਕ ਸਹਾਇਤਾ ਕਰਕੇ ਗਰੀਬੀ-ਅਮੀਰੀ ਦੀ ਰੇਖਾ ਨੂੰ ਭਾਵਨਾਤਮਿਕ ਤੇ ਸਮਾਜਿਕ ਪੱਧਰ ਤੇ ਮਿਟਾ ਦਿੱਤਾ।

ਇਹ ਪੁਰਾਤਨ ਸਮੇਂ ਦੀ ਕਹਾਣੀ ਸੀ। ਅੱਜ ਬੜਾ ਕੁੱਝ ਬਦਲ ਚੁੱਕਾ ਹੈ। ਪੱਛਮ ਦੀ ਲੁੱਟ ਖਸੁੱਟ ਨੀਤੀ ਦੀ ਨਵੀਂ ਕਾਢ 'ਸੰਸਾਰਵਾਦ' ਦਾ ਬੋਲਬਾਲਾ ਹੈ। ਹੁਣ ਹਰ ਰਿਸ਼ਤਾ, ਹਰ ਕੰਮ ਇਕੋ ਧੁਰੇ ਦੁਆਲੇ ਘੁੰਮਦਾ ਹੈ, ਉਹ ਹੈ ਲਾਭ। ਸੇਵਾ, ਹਮਦਰਦੀ, ਲੋੜਵੰਦ ਦੀ ਸਹਾਇਤਾ, ਮਿਹਨਤ, ਦਸਾਂ ਨਹੁੰਆਂ ਦੀ ਕਮਾਈ ਬੀਤੇ ਦੀਆਂ ਗੱਲਾਂ ਬਣਕੇ ਰਹਿ ਗਈਆਂ ਹਨ। ਹੁਣ ਸਬਰ ਤੇ ਦਿਆ ਬਦਲਕੇ ਲੁੱਟ ਖਸੁੱਟ ਬਣ ਗਈਆਂ ਹਨ। ਅੱਜ ਦਾ ਕ੍ਰਿਸ਼ਨ, ਸੁਧਾਮੇ ਦੀ ਦੋਸਤੀ ਨੂੰ ਨਕਾਰਦਾ ਹੈ। ਅਜੋਕਾ ਸ਼ਾਹੂਕਾਰ ਕ੍ਰਿਸ਼ਨ ਦੋਸਤ ਦੀ ਆਰਥਿਕ ਲੋੜ ਦੀ ਪੂਰਤੀ ਲਈ, ਉਸ ਕੋਲੋਂ ਵਿਆਜ ਦੇ ਪੈਸਿਆਂ ਦੀ ਕਮਾਈ ਦੇ ਲੋਭਹਿੱਤ, ਉਸ ਕੋਲੋਂ ਗਹਿਣਿਆਂ ਦੀ ਜਾਮਨੀ ਮੰਗਦਾ ਹੈ। ਅੱਜ ਦਾ ਕ੍ਰਿਸ਼ਨ ਇਕ ਦੋਸਤ ਤੇ ਵਿਸ਼ਵਾਸ ਕਰਨ ਲਈ ਵੀ ਤਿਆਰ ਨਹੀਂ। ਪਰ ਸਿਤਮ ਉਸਦੀ ਚਲਾਕੀ ਦਾ ਕਿ ਉਹ ਆਪਣੇ ਆਪ ਨੂੰ ਅਜੋਕੇ ਗਰੀਬ (ਸੁਧਾਮਾ) ਦੋਸਤ ਦਾ ਸੱਚਾ, ਪਿਆਰਾ, ਹਮਦਰਦ ਤੇ ਮਦਦਗਾਰ ਹੋਣ ਦਾ ਦੰਭੀ ਦਮ ਭਰਦਾ ਹੈ। ਕਹਾਣੀ ਕ੍ਰਿਸ਼ਨ-ਸੁਧਾਮਾ ਦਾ ਅਮੀਰ ਦੋਸਤ ਜਿਹੜਾ ਪਹਿਲੀ ਵਾਰੀ ਪ੍ਰੇਮ ਸਿੰਘ ਨੂੰ ਕਰਜਾ ਦੇਣ ਤੋਂ ਨਾਂਹ ਕਰ ਦਿੰਦਾ ਹੈ ਪਰ ਦੂਜੀ ਵਾਰੀ ਗਹਿਣਿਆਂ ਦਾ ਹਾਰ ਲੈ ਕੇ, ਕਰਜਾ ਦੇਣ ਦਾ ਅਹਿਸਾਨ ਇਹ ਕਹਿੰਦਿਆਂ ਕਰਦਾ ਹੈ, 'ਪ੍ਰੇਮ ਸਿੰਘ ਤੁਸੀਂ ਦੂਜੀ ਵਾਰ ਆਏ ਹੋ, ਰਲਕੇ ਹੀ ਦੁੱਖ ਵੰਡਾਏ ਜਾਂਦੇ ਹਨ, ਹੁਣ ਤਾਂ ਕੁਝ ਕਰਨਾ ਹੀ ਪਊ, ਨਾਲੇ ਆਪਣੇ ਸੁਧਾਮੇ ਨੂੰ ਕ੍ਰਿਸ਼ਨ ਛੱਡ ਵੀ ਤਾਂ ਨਹੀਂ ਸਕਦਾ।' ਅੱਜ ਦਾ ਸ਼ਾਹੂਕਾਰ ਏਨਾ ਬੇਦਰਦ, ਕਠੋਰ, ਲਾਲਚੀ, ਲੋਟੂ ਤੇ ਦੰਭੀ ਤਾਂ ਹੋ ਸਕਦਾ ਹੈ ਪਰ ਇਤਿਹਾਸ/ਮਿਥਿਹਾਸ ਦੇ ਗੌਰਵਮਈ ਵਿਰਸੇ ਨੂੰ ਆਪਣੇ ਹੱਕ ਵਿੱਚ ਭੁਗਤਨ ਲਈ, ਕਪਟੀ, ਚਲਾਕੀ ਤੇ ਬੇਸ਼ਰਮੀ ਦੀ ਹੱਦ ਵੀ ਪਾਰ ਕਰ ਜਾਂਦਾ ਹੈ। ਇਹ ਪਦਾਰਥਵਾਦੀ ਮਨੁੱਖ ਦੀ ਅੱਤ ਹੀ ਹੈ ਜੋ ਸੰਵੇਦਨਸ਼ੀਲ ਪਾਠਕ ਨੂੰ ਟੁੰਬਦੀ ਹੈ।

ਜਵਾਨੀ ਦੇ ਜੋਸ਼ ਦਾ ਸਮੁੰਦਰ ਜਦੋਂ ਉੱਛਲਣ ਲਗਦਾ ਹੈ ਤਾਂ ਲਹਿਰਾਂ ਮੱਲੋ

ਮੱਲੀ ਬਾਹਰ ਨੂੰ ਕੁੱਦਦੀਆਂ ਹਨ। ਇਹ ਰੋਕਣ ਤੇ ਵੀ ਕਾਬੂ ਨਹੀਂ ਰਹਿੰਦੀਆਂ ਤੇ ਇਕ ਸੀਮਤ ਹੱਦ ਤੱਕ ਇਹ ਲਹਿਰਾਂ ਪਵਿੱਤਰ ਰਿਸ਼ਤਿਆਂ ਨੂੰ ਵੀ ਨਮ ਕਰ ਦਿੰਦੀਆਂ ਹਨ। ਅਜਿਹਾ ਹੀ ਹਾਲ ਹੈ ਇਕ ਅਠਾਰਾਂ ਵਰ੍ਹਿਆਂ ਦੀ ਮੁਟਿਆਰ ਦਾ। ਗਰੀਬੀ ਕਾਰਨ ਉਸਦੇ ਮਾਪੇ, ਉਸ ਨਾਲ ਉਸਦੇ ਛੋਟੇ ਭਰਾ ਨੂੰ ਪਾਉਣ ਲਈ ਮਜ਼ਬੂਰ ਹਨ। ਮਾਸੂਮ ਬਾਲ ਜਵਾਨ ਕੁੜੀ ਦੀਆਂ ਪਿਆਰ ਤਰੰਗਾਂ ਤੋਂ ਅਨਭੋਲ ਹੈ ਪਰ ਉਸਨੂੰ ਭੈਣ ਵਲੋਂ ਘੁਟਕੇ ਪੈਣਾ ਚੰਗਾ ਨਹੀਂ ਲੱਗਦਾ। ਜਵਾਨੀ ਦਾ ਸੱਚ, ਮਾਪਿਆਂ ਸਾਹਮਣੇ ਉਸ ਵੇਲੇ ਪਰਤੱਖ ਹੁੰਦਾ ਹੈ ਜਦੋਂ ਕੁੜੀ ਦਾ ਨਿੱਕਾ ਭਰਾ, ਅਲੱਗ ਪੈਣ ਦੀ ਜਿਦ ਦਾ ਕਾਰਨ ਦੱਸਦਿਆਂ ਕਹਿੰਦਾ ਹੈ, 'ਬੇਬੇ ਭੈਣ ਮੈਨੂੰ ਦੱਬਕੇ ਨਾਲ ਘੁੱਟ ਲੈਂਦੀ ਹੈ, ਕਿੰਨਾ ਚਿਰ ਫਿਰ ਛੱਡਦੀ ਨਹੀਂ, ਮੈਂ ਔਖਾ ਹੋ ਜਾਨਾ।' ਈਸ਼ਰ ਸਿੰਘ ਮੌਜੀ ਨੇ 'ਨਵੀਂ ਰਜਾਈ' ਕਹਾਣੀ ਰਾਹੀਂ ਭਰ ਜੋਬਨ ਮੁਟਿਆਰ ਦੇ ਜੋਸ਼ ਤੇ ਪਿਆਰ ਲਹਿਰਾਂ ਨੂੰ ਬੜੇ ਹੀ ਮਾਰਮਿਕ, ਸਭਿਅਕ ਅਤੇ ਸਹਿਜਤਾ ਨਾਲ ਪਕੜਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਮਸੂਮ ਬੱਚੇ ਦੇ ਮੂੰਹੋਂ ਸੁਭਾਵਕ ਫੁੱਟਦੀ ਜਵਾਨੀ ਦੀਆਂ ਤਰੰਗਾਂ ਨੂੰ ਸ਼ਬਦਾਂ ਦੀ ਜੜ੍ਹਤ ਰਾਹੀਂ ਪੇਸ਼ ਕਰਕੇ ਪ੍ਰੌੜ ਤੇ ਸਫਲ ਕਹਾਣੀਕਾਰ ਹੋਣ ਦਾ ਸਬੂਤ ਦਿੱਤਾ ਹੈ।

'ਸੁਪਨਾ' ਕਹਾਣੀ, ਵਿਅਕਤੀ ਦੇ ਅਚੇਤ ਮਨ ਵਿੱਚ ਖੌਲਦੇ ਲਾਵੇ ਦੀ ਦਾਸਤਾਨ ਹੈ। ਸੋਚਾਂ, ਹੋਣੀਆਂ, ਅਣਹੋਣੀਆਂ, ਘਟਨਾਵਾਂ, ਵਲਵਲੇ ਆਦਿ ਉਸਦੇ ਮਨ ਵਿਚ ਪਰਵੇਸ਼ ਕਰਦੇ ਰਹਿੰਦੇ ਹਲ। ਰਿਸ਼ਤਿਆਂ ਦਾ ਸੱਚ-ਝੂਠ, ਸ਼ੱਕ ਵਗੈਰਾ ਬੜਾ ਕੁੰਝ ਜਮ੍ਹਾਂ ਮਨਫੀ ਹੁੰਦਾ ਰਹਿੰਦਾ ਹੈ। ਕਈ ਅਣਹੋਣੀਆਂ ਗੱਲਾਂ ਤੇ ਘਟਨਾਵਾਂ ਦਾ ਛੂਤ ਮਨ ਨੂੰ ਛੂਹ ਜਾਂਦਾ ਹੈ ਤੇ ਵਿਕਸਤ ਹੋਣ ਲੱਗਦਾ ਹੈ। ਇਕ ਸੋਚ, ਇਕ ਡਰ, ਇੱਕ ਵਹਿਮ ਮਨੁੱਖ ਨੂੰ ਅੰਦਰੋਂ ਅੰਦਰ ਖਾਣ ਲੱਗਦਾ ਹੈ। ਜਦੋਂ ਇਹ ਇਕ ਫੋੜੇ ਵਾਂਗ ਫੈਲ ਜਾਂਦਾ ਹੈ ਤਾਂ ਵਿਅਕਤੀ ਦੀ ਸੋਚ ਕਿਸੇ ਅਣਕਿਆਸੇ ਤੇ ਅਣਚਾਹੇ ਦੁਖਿਤ ਫੈਸਲੇ ਵਲ ਮੁੜਦੀ ਹੈ ਤਾਂ ਸੱਚ ਤੇ ਅਸਲੀਅਤ ਪ੍ਰਗਟ ਹੋ ਕੇ ਦਰਸ਼-ਦੀਦਾਰ ਦਿੰਦੀ ਹੈ। ਲੇਖਕ ਨੇ ਅੰਤਰ ਮਨ ਦੀ ਭਿਆਨਕ ਅਸੁਰੱਖਿਆ ਤੇ ਡਰ ਨੂੰ ਪਾਠਕਾਂ ਦੇ ਸਨਮੁੱਖ ਕਰ ਦਿੱਤਾ ਹੈ। ਕਮਜ਼ੋਰ ਮਨ ਦੇ ਆਤਮ ਹੱਤਿਆ ਦੇ ਸਮਾਜ ਲਈ ਢਾਹੂ ਫੈਸਲੇ ਨੂੰ ਅਸਵੀਕਾਰ ਕਰਦਿਆਂ ਇਸਨੂੰ ਮਹਿਜ ਇਕ ਸੁਪਨਾ ਬਿਆਨ ਕਰਕੇ ਜਿੱਥੇ ਮਨੁੱਖੀ ਮਨ ਦੀ ਅਟੱਲ ਸਚਾਈ ਸਾਹਮਣੇ ਲਿਆਂਦੀ ਹੈ ਉਥੇ ਪਾਠਕ ਦੀ ਸੋਚ ਦੀ ਢਾਹੂ ਰੁਚੀ ਨੂੰ ਵੀ ਨਕਾਰਿਆ ਹੈ। ਕਹਾਣੀ ਦਾ ਵਿਸ਼ਾ, ਤਾਣਾਬਾਣਾ ਤੇ ਅੰਤ ਨਿਸਚੇ ਹੀ ਉੱਤਮ ਕਹਾਣੀ ਦੀ ਸਫਲ ਪੇਸ਼ਕਾਰੀ ਹੈ।

ਪੈਸੇ ਦੀ ਖਾਤਿਰ ਵੋਟਾਂ ਪਾਉਣੀਆਂ, ਗਰੀਬ, ਗਰਜਾਂ ਮਾਰੇ ਭਾਰਤੀ ਵੋਟਰ ਦੀ ਮਜ਼ਬੂਰੀ ਰਹੀ ਹੈ। ਪਾਰਟੀ ਦੇ ਮੋਹਰੀ ਆਉਂਦੇ ਹਨ, ਪੈਸੇ ਦਿੰਦੇ ਹਨ ਤੇ ਵੋਟਾਂ ਪੱਕੀਆਂ ਕਰ ਜਾਂਦੇ ਹਨ। ਇਹ ਸਿਲਸਿਲਾ ਚਿਰਾਂ ਤੋਂ ਚਲਦਾ ਆ ਰਿਹਾ ਹੈ। ਅੱਜ ਵੀ ਚੱਲ ਰਿਹਾ ਹੈ ਪਰ ਹੁਣ ਵੋਟਰ ਬਦਲ ਗਿਆ ਹੈ। ਪਹਿਲਾਂ ਵੋਟਰ ਵਾਅਦੇ ਦਾ ਪੱਕਾ ਤੇ ਕਹੀ ਤੇ ਖਰਾ ਉਤਰਣ ਵਾਲਾ ਹੁੰਦਾ ਸੀ ਪਰ ਅੱਜ ਦਾ ਗਰੀਬ ਵੋਟਰ ਹਰ ਪਾਰਟੀ ਤੋਂ ਪੈਸੇ ਲੈਂਦਾ ਹੈ, ਵਾਅਦਾ ਕਰਦਾ ਹੈ ਪਰ ਵੋਟ ਆਪਣੀ ਮਰਜੀ ਦੇ ਉਮੀਦਵਾਰ ਨੂੰ ਪਾਉਂਦਾ ਹੈ। ਇੰਝ 'ਨਵਾਂ ਪੱਥਰ' ਗਰਜਾਂ ਮਾਰੇ ਵੋਟਰ ਦੀ ਚੇਤਨਤਾ ਦੇ ਜਾਗਣ ਦੀ ਕਹਾਣੀ ਹੈ।

ਈਸ਼ਰ ਸਿੰਘ ਮੌਜੀ ਨੇ ਕੁਝ ਕਹਾਣੀਆਂ ਵਿਚ ਜਿੱਥੇ ਆਮ ਦੁਹਰਾਏ ਜਾਂਦੇ ਵਿਸ਼ਿਆਂ ਨਾਲ ਸਬੰਧਤ ਹਨ ਜਿਵੇਂ ਰਿਸ਼ਵਤਖੋਰੀ (ਉਪਰਲਾ ਅਫਸਰ, ਸਮਝੌਤਾ) ਧਾਰਮਿਕ ਅਡੰਬਰ, ਕਹਿਣੀ ਤੇ ਕਰਨੀ ਦਾ ਫਰਕ (ਪੱਲਾ ਝਾੜ, ਸ਼ਰਧਾ, ਸੱਚਾ ਸੌਦਾ) ਉਥੇ ਵਿਸ਼ਿਆਂ ਨੂੰ ਵਿਸਥਾਰ ਵੀ ਦਿੱਤਾ ਹੈ। ਸੰਵੇਦਨਸ਼ੀਲ ਲੇਖਕ ਅਤਿ ਦੀ ਗਿਰਾਵਟ ਵਲ ਜਾ ਚੁੱਕੀ ਰਾਜਨੀਤੀ ਤੇ ਟਿੱਪਣੀ ਕਰਨੋਂ ਨਹੀਂ ਰਹਿ ਸਕਦਾ। ਸਿਆਸੀ ਦੰਭ ਦਾ ਪਰਦਾਫਾਸ ਕਰਨਾ (ਅਹਿਮ ਸਮੱਸਿਆ) ਉਸਦੀ ਚੇਤਨਤਾ ਦੀ ਸਮਾਜ ਪ੍ਰਤੀ ਜਿੰਮੇ ਵਾਰੀ ਦੀ ਪੂਰਤੀ ਹੈ।

ਲੇਖਕ ਨੂੰ ਜਿੰਦਗੀ ਦਾ ਭਰਪੂਰ ਤਜਰਬਾ ਲੱਗਦਾ ਹੈ। ਬਦ ਤੋਂ ਬਦਤਰ ਹੋ ਰਹੀ ਵਾਹੀਕਾਰ ਦੀ ਹਾਲਤ ਦੀ ਉਸਨੂੰ ਚਿੰਤਾ ਹੀ ਨਹੀਂ ਸਗੋਂ ਦੁੱਖ ਵੀ ਹੈ। ਗਰੀਬ ਕਿਸਾਨ ਨਾਲ ਉਸਦੀ ਹਮਦਰਦੀ ਹੈ ਅਤੇ ਉਸਦੀ ਅੰਤਰ ਆਤਮਾ ਕਿਸਾਨੀ ਮੰਦਹਾਲੀ ਦੀ ਦੁਰਦਸ਼ਾ ਨਾਲ ਪੀੜ ਪੀੜ ਹੈ। ਸ਼ਿਕਾਰ, ਆਖਰੀ ਫੂਕ, ਭੁੱਖ ਦਾ ਡਕਾਰ, ਅਣਸੋਚਿਆ, ਦਿਵਾਲੀ, ਅਣਆਈ ਮੌਤ ਆਦਿ ਕਹਾਣੀਆਂ ਇਸਦੀ ਮੂੰਹ ਬੋਲਦੀ ਤਸਵੀਰ ਹਨ।

ਵਿਦੇਸ਼ਾਂ ਦੀ ਅਮੀਰੀ ਦੀ ਕਥਿਤ ਚਕਾ ਚੌਂਧ ਗਰੀਬ ਨੂੰ ਹੀ ਨਹੀਂ ਮਧ ਵਰਗ ਨੂੰ ਵੀ ਭਰਮਾਉਂਦੀ ਹੈ। ਇਸੇ ਖਿੱਚ ਦੇ ਮਾਰੇ ਲੋਕ ਬੇਜੋੜ ਵਿਆਹ, ਤਲਾਕ, ਝੂਠ, ਹੇਰਾਫੇਰੀ ਦੇ ਰਸਤੇ ਕਿਵੇਂ ਨਾ ਕਿਵੇਂ ਕਨੇਡਾ, ਅਮਰੀਕਾ ਦੀ ਧਰਤੀ ਤੇ ਪਹੁੰਚਣ ਦੇ ਯਤਨਾਂ ਵਿੱਚ ਰਹਿੰਦੇ ਹਨ। ਇਨ੍ਹਾਂ ਗਲਤ ਤਰੀਕਿਆਂ ਤੇ ਕਥਿਤ ਝੂਠੀ ਆਰਥਿਕ ਖਿੱਚ ਮਨੁੱਖ 'ਚ ਤਨਾਅ ਪੈਦਾ ਕਰਦੀ ਹੈ, ਰਿਸ਼ਤਿਆਂ ਦੀ ਤੋੜ ਫੋੜ ਕਰਦੀ ਹੈ, ਗੈਰ ਇਨਸਾਨੀ ਕੰਮ ਕਰਨ ਲਈ ਮਜਬੂਰ ਕਰਦੀ ਹੈ। ਈਸ਼ਰ ਸਿੰਘ ਮੌਜੀ ਨੇ ਅਨੇਕਾਂ ਕਹਾਣੀਆਂ ਵਿੱਚ ਪਰਦੇਸੀ ਜੀਵਨ ਦੇ ਵੱਖ ਵੱਖ ਪਹਿਲੂਆਂ ਨੂੰ ਆਪਣੀਆਂ ਕਹਾਣੀਆਂ ਦੇ ਵਿਸ਼ੇ ਬਣਾਇਆ

ਹੈ ਅਤੇ ਕਲਾਮਈ ਢੰਗ ਨਾਲ ਪਾਠਕਾਂ ਦੇ ਮਨ ਮਸਤਕ ਤੇ ਦਸਤਕ ਦੇ ਕੇ ਸਚਾਈ ਦੇ ਦਰਸ਼ਨ ਕਰਵਾਉਣ ਦਾ ਉਪਰਾਲਾ ਕੀਤਾ ਹੈ। ਨਮੂਨੇ ਵਜੋਂ ਉਧਾਲਾ, ਸੁਹਾਗ ਜੋੜੀ, ਕਬਾਬ, ਦੇਸ ਨਿਕਾਲਾ, ਘਰ ਜਵਾਈ, ਕਾਗਜੀ ਘੋੜੇ, ਉਡੀਕ, ਤਿੜਕੀ ਧੁੱਪ; ਪਰਵਾਸੀ ਦੁਖਾਂਤ ਅਤੇ ਜੀਵਨ ਦੀਆਂ ਝਲਕੀਆਂ ਹਨ।

ਈਸ਼ਰ ਸਿੰਘ ਮੌਜੀ ਨੇ ਜਿੱਥੇ ਰਾਜਨੀਤਕ, ਸਮਾਜਿਕ, ਆਰਥਿਕ, ਪਰਵਾਸੀ, ਰਿਸ਼ਵਤਖੋਰੀ, ਕਿਸਾਨੀ ਦੁਖਾਂਤ, ਧਾਰਮਿਕ ਅਡੰਬਰ ਵਰਗੇ ਵਿਸ਼ਿਆਂ ਨੂੰ ਬਾਖੂਬੀ ਹੱਥ ਪਾਇਆ ਹੈ ਉਥੇ ਵਿਅਕਤੀ ਦੀ ਮਨੋਦਸ਼ਾ, ਮਨੋ ਸਥਿਤੀ, ਮਨ ਦੀ ਵੇਦਨਾ, ਅੰਤਰ ਆਤਮਾ ਦੀ ਡੂੰਘਾਈ ਦੀ ਥਾਹ ਪਾਉਣ ਦਾ ਯਤਨ ਵੀ ਕੀਤਾ ਹੈ। ਜਵਾਨ ਪੀੜ੍ਹੀ ਨੂੰ ਕਹਾਣੀਆਂ ਦਾ ਵਿਸ਼ਾ ਬਣਾਉਣਾ ਬਹੁਤ ਘੱਟ ਲੇਖਕਾਂ ਦੇ ਹਿੱਸੇ ਆਇਆ ਹੈ ਅਤੇ ਇਹ ਗਿਲਾ ਜਵਾਨ ਪੀੜ੍ਹੀ ਦਾ ਅੱਜ ਵੀ ਹੈ ਕਿ ਸਾਡੇ ਦ੍ਰਿਸ਼ਟੀਕੋਨ ਨੂੰ ਲੇਖਕ ਕਿਉਂ ਨਹੀਂ ਫੜਣ ਦੀ ਕੋਸ਼ਿਸ਼ ਕਰਦਾ। ਸਖਤ ਤਾੜਨਾ ਤੇ ਕੌੜਾ ਸੱਚ ਵਰਗੀਆਂ ਕਹਾਣੀਆਂ ਜਵਾਨੀ ਦੇ ਦ੍ਰਿਸ਼ਟੀਕੋਨ ਦੀ ਹੀ ਗੱਲ ਕਰਦੀਆਂ ਹਨ।

ਸਭ ਤੋਂ ਵੱਡੀ ਖੂਬੀ, ਲੇਖਕ ਵਲੋਂ ਪਾਤਰਾਂ ਦੇ ਨਾਮਕਰਨ ਦੀ ਹੈ। ਕਹਾਣੀ ਦੇ ਪਾਤਰ ਦਾ ਨਾਂ ਉਸਦੀ ਸਖਸ਼ੀਅਤ ਨੂੰ ਉਘਾੜਣ ਦਾ ਉੱਤਮ ਤੇ ਸਫਲ ਚਿਨ੍ਹ ਬਣਦਾ ਹੈ। ਪਾਤਰ ਦਾ ਨਾ ਪੜ੍ਹਦਿਆਂ ਹੀ ਪਾਠਕ ਉਸ ਨੂੰ ਕਾਫੀ ਹੱਦ ਤੱਕ ਜਾਣ ਲੈਂਦਾ ਹੈ। ਲੇਖਕ ਇਕ ਇਕ ਲਾਈਨ ਵਿੱਚ ਪਾਤਰ ਦੀ ਮਨੋਦਸ਼ਾ ਤੇ ਸਖਸ਼ੀਅਤ ਉਘਾੜਣ ਦਾ ਸਫਲ ਯਤਨ ਕਰਦਾ ਹੈ। ਜਿਵੇਂ:

* ਧਰਮੀ ਆਪਣੇ ਮਜ਼ਦੂਰ ਪਤੀ ਦੀ ਉਡੀਕ ਕਰ ਰਹੀ ਸੀ (ਮਜ਼ਦੂਰ ਦਿਨ)
* ਸੁਖਪਾਲ ਕੌਰ ਨੂੰ ਆਪਣੇ ਨਾਂ ਉੱਤੇ ਬੜੀ ਘਿਰਨਾ ਜਿਹੀ ਹੋ ਜਾਂਦੀ ਸੀ। (ਉਧਾਲਾ)
* ਗੁਰਪ੍ਰੀਤ ਬਹੁਤ ਹੀ ਹੋਣਹਾਰ ਤੇ ਦੂਰਅੰਦੇਸ਼ ਬੱਚਾ ਸੀ। (ਕੌੜਾ ਸੱਚ)
* ਧਿਆਨ ਸਿੰਘ ਘਰ ਵਿਚ ਸਦਾ ਬੇਧਿਆਨ ਹੀ ਰਹਿੰਦਾ ਸੀ। (ਮੂੰਹ ਅੱਡਿਆ)

ਹੋਰ ਪੜ੍ਹਣ ਤੇ ਮਾਨਣਯੋਗ ਕਹਾਣੀਆਂ ਵਿੱਚ ਭੀਮ, ਦੂਜਾ ਤਲਾਕ, ਸੋਚ, ਚੀਰਹਰਨ, ਕੁਸ਼ਗਨ, ਹਾਏ ਬਾਪੂ, ਸੰਤਾਪ, ਸਵੈ ਮਾਣ, ਸੱਜਰਾ ਸੰਧੂਰ, ਪੁੱਠੀ ਸਿੱਧੀ ਰੀਤ, ਨਵੇਂ ਰਿਸ਼ਤੇ ਆਦਿ ਕਹਾਣੀਆਂ ਦੇ ਨਾਂ ਲਏ ਜਾ ਸਕਦੇ ਹਨ।

ਈਸ਼ਰ ਸਿੰਘ ਮੌਜੀ ਦੀ, ਸੋਚਾਂ ਸੱਧਰਾਂ ਤੇ ਪੀੜਾਂ ਦੀ ਇਹ ਕਿਤਾਬ ਵਨ ਸਵੰਨੇ ਵਿਸ਼ਿਆਂ ਨਾਲ ਸ਼ਿੰਗਾਰੀ ਹੋਈ ਹੈ। ਇਸਦੇ ਨਾਲ ਹੀ ਅਜੋਕੀ ਮਿੰਨੀ ਕਹਾਣੀ ਦੀ ਵਿਧਾ ਤੇ ਵੀ ਖਰੀ ਉਤਰਦੀ ਹੈ। ਨਿਸਚੇ ਹੀ ਇਹ ਮਿੰਨੀ ਕਹਾਣੀ ਸਾਹਿਤ ਵਿਚ ਇਕ ਵਰਨਣਯੋਗ ਵਾਧਾ ਹੈ।

28 ਜੂਨ 2005

**ਸੁਰਿੰਦਰ ਕੈਲੇ**
234-ਐਫ, ਸ਼ਹੀਦ ਭਗਤ ਸਿੰਘ ਨਗਰ,
ਪੱਖੋਵਾਲ ਰੋਡ, ਲੁਧਿਆਣਾ-141002

# ਕ੍ਰਿਸ਼ਨ-ਸੁਧਾਮਾ

ਪ੍ਰੇਮ ਸਿੰਘ ਨੇ ਬੜੀ ਭੱਜ ਨੱਠ ਕੀਤੀ ਕਿ ਉਸਦੀ ਇੱਕਲੋਤੀ ਧੀ ਦੀ ਸ਼ਾਦੀ ਲਈ ਕਿਤੋਂ ਕੁਝ ਉਧਾਰ ਮਿਲ ਜਾਵੇ। ਸਾਰੇ ਰਿਸਤੇਦਾਰ ਸਿਰ ਫੇਰ ਚੁੱਕੇ ਸਨ। ਹੁਣ ਆਖਰੀ ਸਹਾਰਾ ਉਸ ਦੇ ਬਚਪਣ ਦਾ ਦੋਸਤ ਸੇਠ ਪ੍ਰਭ ਦਿਆਲ ਹੀ ਨਜ਼ਰ ਆ ਰਿਹਾ ਸੀ। ਉਹ ਕਈ ਵਾਰ ਕਹਿ ਵੀ ਚੁੱਕਿਆ ਸੀ ਕਿ ਗਰੀਬੀ ਅਮੀਰੀ ਤਾਂ ਢਲਦੇ ਪੜਛਾਵੇਂ ਹੁੰਦੇ ਹਨ ਪਰ ਦੋਸਤੀਆਂ ਸਦਾ ਕਾਇਮ ਰਹਿੰਦੀਆਂ ਹਨ।

ਆਪਣੀ ਬੇਟੀ ਦੀ ਸ਼ਾਦੀ ਤੋਂ ਕੁਝ ਦਿਨ ਪਹਿਲਾਂ ਉਸ ਨੇ ਆਪਣੇ ਪੁਰਾਣੇ ਦੋਸਤ ਕੋਲ ਜਾਣ ਦਾ ਫੈਸਲਾ ਕਰ ਲਿਆ। ਉਸ ਨੂੰ ਆਸ ਹੀ ਨਹੀਂ ਸਗੋਂ ਪੂਰਾ ਭਰੋਸਾ ਵੀ ਸੀ ਕਿ ਉਥੇ ਤਾਂ ਉਸ ਦੀ ਲੋੜ ਪੂਰੀ ਹੋ ਹੀ ਜਾਵੇਗੀ। ਉਹ ਪਿੰਡ ਦਾ ਸਭ ਤੋਂ ਵੱਡਾ ਸੇਠ ਸੀ।

ਦੋਵੇਂ ਮਿੱਤਰ ਕੁਝ ਸਮਾਂ ਬਚਪਣ ਦੀਆਂ ਗੱਲਾਂ ਕਰਦੇ ਰਹੇ। ਗੱਲ-ਗੱਲਾਂ ਵਿੱਚ ਹੀ ਪ੍ਰੇਮ ਸਿੰਘ ਨੇ ਆਪਣੀ ਪੰਜ ਹਜਾਰ ਰੁਪਏ ਕਰਜਾ ਦੇਣ ਦੀ ਮੰਗ ਵੀ ਦੋਸਤ ਦੇ ਅੱਗੇ ਰੱਖ ਦਿੱਤੀ।

ਮਿੱਤਰ ਦਾ ਪਹਿਲਾਂ ਤਾਂ ਰੰਗ ਬਦਲਿਆ ਫਿਰ ਨਿਗ੍ਹਾ ਅਤੇ ਅੰਤ ਜੀਭ ਦਾ ਮਿਠਾਸ, ਉਸ ਕਿਹਾ, 'ਪ੍ਰੇਮ ਸਿਆਂ ਮੈਂ ਤਾਂ ਵਪਾਰੀ ਆਂ, ਜੇਕਰ ਮੇਰੀ ਤਲੀ ਉੱਤੇ ਕੁੱਝ ਰੱਖੇਂਗਾ ਤਾਂ ਮੈਂ ਵੀ ਕੁਝ ਸਰਦਾ ਕਰ ਦੇਵਾਂਗਾ। ਐਵੇਂ ਕਾਨੂੰ ਦੋਸਤੀ ਵਿੱਚ ਫਰਕ ਪਾਣਾ ਏ।'

ਦੂਜੀ ਵਾਰ ਪ੍ਰੇਮ ਸਿੰਘ ਫਿਰ ਦੋਸਤ ਦੇ ਬੂਹੇ ਉੱਤੇ ਖੜ੍ਹਾ ਸੀ। ਇੱਕ ਪੁਰਾਣਾ ਜਿਹਾ ਦੋ ਤਿੰਨ ਤੋਲੇ ਦਾ ਹਾਰ ਆਪਣੇ ਅਮੀਰ ਦੋਸਤ ਦੇ ਅੱਗੇ ਕਰ ਦਿੱਤਾ। ਦੋਸਤ ਦੇ ਮੱਥੇ ਦੀਆਂ ਤਿਉੜੀਆਂ ਸਾਫ ਹੋ ਗਈਆਂ ਅਤੇ ਮਿੱਠੀ ਆਵਾਜ ਵਿੱਚ ਬੋਲਿਆ, 'ਪ੍ਰੇਮ ਸਿੰਘ ਤੁਸੀਂ ਦੂਜੀ ਵਾਰ ਆਏ ਹੋ, ਰਲਕੇ ਹੀ ਦੁਖ ਵੰਡਾਏ ਜਾਂਦੇ ਹਨ, ਹੁਣ ਤਾਂ ਕੁਝ ਕਰਨਾ ਹੀ ਪਊ, ਨਾਲੇ ਆਪਣੇ ਸੁਧਾਮੇ ਨੂੰ ਕ੍ਰਿਸ਼ਨ ਛੱਡ ਵੀ ਤਾਂ ਨਹੀਂ ਸਕਦਾ।'

# ਉਪਰਲਾ ਅਫਸਰ

ਹੁਸ਼ਿਆਰ ਸਿੰਘ ਸ਼ਹਿਰ ਦਾ ਇੱਕ ਸਧਾਰਨ ਜਿਹਾ ਆਦਮੀ ਸੀ। ਪਰ ਆਪਣੀ ਹੁਸ਼ਿਆਰੀ ਕਰਕੇ ਸਾਰੇ ਸ਼ਹਿਰ ਵਿੱਚ ਪ੍ਰਸਿੱਧ ਸੀ। ਉਹ ਆਪਣੇ ਆਪ ਨੂੰ ਲੋਕਾਂ ਦਾ ਸੇਵਕ ਕਿਹਾ ਕਰਦਾ ਸੀ ਅਤੇ ਕਈ ਲੋਕ ਉਸ ਨੂੰ ਵਿਚੋਲਾ ਜਾ ਏਜੰਟ ਵੀ ਕਹਿੰਦੇ ਸੁਣੇ ਗਏ ਸਨ।

ਉਸ ਨੇ ਆਪਣੇ ਪੈਰ ਦੂਰ ਤੱਕ ਪਸਾਰੇ ਹੋਏ ਸਨ। ਹਰ ਮਹਿਕਮੇ ਵਿੱਚ ਉਸ ਦੇ ਸੈਲ ਸਨ। ਸ਼ਹਿਰ ਦੇ ਕਮੇਟੀ ਦਫਤਰ ਨੂੰ ਤਾਂ ਉਹ ਆਪਣੇ ਘੜੇ ਦੀ ਮੱਛੀ ਸਮਝਦਾ ਸੀ। ਉਹ ਹਰ ਬੰਦੇ ਦਾ ਹਰ ਕਿਸਮ ਦਾ ਕੰਮ ਕਰਵਾ ਦਿੰਦਾ ਸੀ। ਆਪਣੀ ਸਾਰੀ ਫੀਸ ਉਹ ਪਹਿਲਾਂ ਲੈਂਦਾ ਸੀ। ਅੱਜ ਤਕ ਕਦੇ ਵੀ ਕਿਸੇ ਨੇ ਇਹ ਨਹੀਂ ਕਿਹਾ ਸੀ ਕਿ ਉਸ ਦਾ ਕੰਮ ਨਹੀਂ ਹੋਇਆ।

ਸੱਜਣ ਸਿੰਘ ਦਾ ਕੰਮ ਤਾਂ ਭਾਵੇਂ ਛੋਟਾ ਹੀ ਸੀ ਪਰ ਹੋ ਨਹੀਂ ਰਿਹਾ ਸੀ। ਕਮੇਟੀ ਦੇ ਦਫਤਰ ਵਿੱਚੋਂ ਉਸ ਨੂੰ ਕਿਸੇ ਰਿਸਤੇਦਾਰ ਦੀ ਮੌਤ ਦਾ ਸਰਟੀਫਿਕੇਟ ਚਾਹੀਦਾ ਸੀ, ਜਿਸਦੀ ਵਿਰਾਸਤ ਦੇ ਚੱਕਰ ਵਿੱਚ ਖਾਸ ਜਰੂਰਤ ਸੀ। ਉਸ ਨੇ ਹੁਸ਼ਿਆਰ ਸਿੰਘ ਨਾਲ ਗੱਲ ਕੀਤੀ। ਉਸ ਨੇ ਆਪਣੀ ਫੀਸ ਜੇਬ ਵਿੱਚ ਪਾਈ ਤੇ ਸਾਮੀ ਨੂੰ ਕਹਿ ਦਿੱਤਾ ਕਿ ਕੱਲ ਦਸ ਵਜੇ ਕਮੇਟੀ ਦਫਤਰ ਵਿੱਚ ਜਾ ਕੇ ਆਪਣਾ ਸਰਟੀਫਿਕੇਟ ਇਹ ਕਹਿ ਕੇ ਹਾਸਲ ਕਰ ਲਵੇ ਕਿ ਉਸ ਨੂੰ 'ਉਪਰਲੇ ਅਫਸਰ' ਨੇ ਭੇਜਿਆ ਏ।

ਦੂਜੇ ਦਿਨ ਸੱਜਣ ਸਿੰਘ ਨੇ ਦਫਤਰ ਜਾਕੇ ਉਪਰਲੇ ਸ਼ਬਦ ਦੁਹਰਾਏ ਅਤੇ ਕਲਰਕ ਨੇ ਸਰਟੀਫਿਕੇਟ ਉਸ ਦੇ ਹੱਥ ਫੜਾ ਦਿੱਤਾ।

# ਭੀਮ

ਦੀਵਾਲੀ ਦੀ ਰਾਤ ਸੀ। ਦੀਵੇ ਬੁੱਝ ਚੁੱਕੇ ਸਨ। ਸਾਹਿਤਕਾਰ ਦੋਸਤਾਂ ਦੀ ਇੱਕ ਪਾਰਟੀ, ਛਿੱਟ ਛਿੱਟ ਮੂੰਹ ਲਾਕੇ, ਜੂਏ ਦੀ ਰਸਮ ਪੂਰੀ ਕਰਨ ਵਿੱਚ ਰੁੱਝੀ ਹੋਈ ਸੀ। ਖੇਡ ਪੂਰੇ ਜੋਬਨ ਉੱਤੇ ਸੀ, ਦਾਅ ਉਤੇ ਦਾਅ ਲੱਗ ਰਹੇ ਸਨ। ਹਾਰਾਂ ਜਿੱਤਾਂ ਹੋ ਰਹੀਆਂ ਸਨ। ਇੱਕ ਸਰੇਸ਼ਟ ਬੁੱਧੀਜੀਵੀ ਲਗਾਤਾਰ ਹਾਰ ਰਿਹਾ ਸੀ। ਉਹ ਦੁਖੀ ਹੋਣ ਦੇ ਨਾਲ ਨਾਲ ਉਦਾਸ ਅਤੇ ਚਿੰਤਾਤੁਰ ਵੀ ਸੀ। ਉਹ ਕਰ ਕੁਝ ਨਹੀਂ ਸੀ ਸਕਦਾ। ਸਾਰੇ ਸਾਥੀਆਂ ਦੇ ਮਖੌਲਾਂ ਦਾ ਕੇਂਦਰ ਬਿੰਦੂ ਵੀ ਉਹੀ ਬਣਿਆ ਹੋਇਆ ਸੀ।

ਸਰੇਸ਼ਟ ਬੁੱਧੀਜੀਵੀ ਨੇ ਆਪਣਾ ਘੋਖਵਾਂ ਹੱਥ ਜੇਬ ਵਿੱਚ ਪਾਇਆ ਅਤੇ ਜੋ ਕੁਝ ਵੀ ਜੇਬ ਵਿਚੋਂ ਨਿਕਲਿਆ ਆਖਰੀ ਦਾਅ ਉੱਤੇ ਲਾ ਦਿੱਤਾ। ਤਾਸ਼ ਦੀ ਸੀਰਣੀ ਵੰਡੀ ਗਈ ਅਤੇ ਦਾਅ ਦੀ ਸਾਰੀ ਰਕਮ ਕਿਸੇ ਹੋਰ ਦੀ ਝੋਲੀ ਵਿੱਚ ਜਾ ਡਿੱਗੀ। ਜਿੱਤਣ ਵਾਲਾ ਜਿੱਤ ਦੀ ਖੁਸ਼ੀ ਵਿੱਚ ਕਹਿਣ ਲੱਗਾ, ''ਹੁਣ ਦਰੋਪਤੀ ਨੂੰ ਵੀ ਦਾਅ ਉੱਤੇ ਲਾ ਵੇਖ।''

''ਯੁਧਿਸ਼ਟਰ ਦਾ ਰੋਲ ਤਾਂ ਮੈਂ ਨਹੀਂ ਕਰ ਸਕਦਾ, ਹਾਂ ਭੀਮ ਦਾ ਕਰਕੇ ਵੇਖ ਲੈਂਦਾਂ ਹਾਂ...।'' ਇਹ ਕਹਿਕੇ, ਦੂਜਿਆਂ ਦੇ ਰੋਕਦਿਆਂ ਵੀ, ਉਸ ਨੇ ਕਹਿਣ ਵਾਲੇ ਦੇ ਦੋ ਚਾਰ ਜੜ ਦਿੱਤੀਆਂ। ਉਹ ਭੀਮ ਬਣਿਆ ਮਸਤ ਹਾਥੀ ਦੀ ਚਾਲ ਚੱਲਦਾ ਬੂਹਿਓਂ ਬਾਹਰ ਹੋ ਗਿਆ।

# ਨਵੀਂ ਰਜਾਈ

ਸਰਦੀਆਂ ਦੇ ਅਰੰਭ ਤੋਂ ਹੀ ਇੱਕ ਨਵੀਂ ਰਜਾਈ ਬਣਾਉਣ ਦਾ ਮਸਲਾ ਘਰ ਵਿੱਚ ਚਲ ਰਿਹਾ ਸੀ। ਗਰੀਬੂ ਦੀ ਦਿਹਾੜੀ ਅਤੇ ਬਚਨੀ ਦੀ ਲੋਕਾਂ ਦੇ ਘਰ ਕੀਤੀ ਮਿਹਨਤ ਨਾਲ ਘਰ ਦਾ ਗੁਜਾਰਾ ਮਸਾਂ ਹੀ ਚਲਦਾ ਸੀ। ਕੁੜੀ ਭਰ ਜਵਾਨ ਹੋ ਗਈ ਸੀ, ਉਸ ਦੇ ਵਿਆਹ ਲਈ ਵੀ ਕੁਝ ਬਚਾਉਣਾ ਜਰੂਰੀ ਸੀ।

ਘਰ ਵਿੱਚ ਕੇਵਲ ਚਾਰ ਹੀ ਰਜਾਈਆਂ ਸਨ। ਸਭ ਤੋਂ ਮਾੜੀਆਂ ਦੋ ਰਜਾਈਆਂ ਮਾਪਿਆਂ ਨੇ ਆਪਣੇ ਲਈ ਰੱਖੀਆਂ ਸਨ। ਪੰਦਰਾਂ ਸਾਲ ਦੇ ਜੌੜੇ ਮੁੰਡੇ ਇੱਕ ਰਜਾਈ ਵਿੱਚ ਪੈਂਦੇ ਸਨ। ਸਭ ਤੋਂ ਛੋਟਾ ਦਸ ਸਾਲ ਦਾ ਕੁਲਦੀਪ ਆਪਣੀ ਅਠਾਰਾਂ ਸਾਲ ਦੀ ਭੈਣ ਸੀਬੋ ਨਾਲ ਪੈਂਦਾ ਸੀ।

ਕੁਲਦੀਪ ਹਰ ਰੋਜ ਜਿੱਦ ਕਰਿਆ ਕਰਦਾ ਸੀ ਕਿ ਉਸ ਨੇ ਭੈਣ ਨਾਲ ਨਹੀਂ ਪੈਣਾ, ਉਹ ਔਖਾ ਹੁੰਦਾ ਏ। ਭੈਣ ਨਿੱਤ ਆਪਣੇ ਵੀਰ ਨੂੰ ਪਿਆਰ ਕਰਕੇ ਅਤੇ ਉਸ ਦੇ ਕੰਨ ਵਿੱਚ ਕੁਝ ਕਹਿਕੇ ਨਾਲ ਪਾ ਲਿਆ ਕਰਦੀ ਸੀ।

ਅੱਜ ਦੀਪਾ ਆਪਣੀ ਜਿੱਦ ਉੱਤੇ ਅੜ ਹੀ ਗਿਆ ਸੀ ਕਿ ਉਸ ਨੇ ਭੈਣ ਨਾਲ ਨਹੀਂ ਪੈਣਾ। ਵੱਡੇ ਮੁੰਡੇ ਜਵਾਨ ਸਨ, ਉਨ੍ਹਾਂ ਵਿਚੋਂ ਕਿਸੇ ਨੂੰ ਵੀ ਕੁੜੀ ਨਾਲ ਪਾਉਣਾ ਯੋਗ ਨਹੀਂ ਸੀ। ਬਚਨੀ ਰੋਜ਼ ਰੋਜ਼ ਦੇ ਕਲੇਸ਼ ਤੋਂ ਦੁਖੀ ਹੋ ਗਈ ਸੀ। ਅੱਜ ਉਹ ਦੀਪੇ ਦੇ ਦੋ ਚਾਰ ਲਾ ਦੇਣਾ ਚਾਹੁੰਦੀ ਸੀ।

''ਤੂੰ ਰੋਜ਼ ਔਖਾ ਹੋਣ ਦਾ ਰੌਲਾ ਪਾਉਂਦਾ ਰਹਿੰਨੈ, ਆਸਲ ਗੱਲ ਕੀ ਐ?'' ਮਾਂ ਨੇ ਦੀਪੇ ਤੋਂ ਪੁੱਛਿਆ।

ਮੁੰਡੇ ਨੇ ਭੈਣ ਵਲ ਵੇਖਿਆ। ਕੁੜੀ ਨੇ ਉਸ ਨੂੰ ਅੱਖਾਂ ਨਾਲ ਘੂਰਿਆ ਅਤੇ ਚੁੱਪ ਰਹਿਣ ਲਈ ਥੱਪੜ ਦਾ ਡਰਾਵਾ ਵੀ ਵਿਖਾਇਆ। ''ਬੇਬੇ ਭੈਣ ਮੈਨੂੰ ਦੱਬਕੇ ਨਾਲ ਘੁੱਟ ਲੈਂਦੀ ਐ, ਕਿਨਾ ਚਿਰ ਫਿਰ ਛੱਡਦੀ ਨੀ, ਮੈਂ ਔਖਾ ਹੋ ਜਾਨਾ।'' ਕੁੜੀ ਨੇ ਸ਼ਰਮ ਦੇ ਮਾਰੇ ਹੱਥਾਂ ਨਾਲ ਆਪਣੀਆਂ ਅੱਖਾਂ ਢਕ ਲਈਆਂ ਸਨ।

ਦੂਜੇ ਦਿਨ ਪੁਰਾਣੀਆਂ ਰਜਾਈਆਂ ਵਰਗੀ ਘਰ ਵਿੱਚ ਇੱਕ ਨਵੀਂ ਰਜਾਈ ਆ ਗਈ ਸੀ।

# ਹੀਰੋ

ਕਾਲਜ ਦੇ ਚੱਲਦੇ ਸੈਸ਼ਨ ਦੇ ਅੱਧ ਵਿੱਚ ਇੱਕ ਕੁੜੀ ਆ ਦਾਖਲ ਹੋਈ। ਕੁੜੀ ਕੀ ਆਈ, ਕਾਲਜ ਵਿੱਚ ਇੱਕ ਧਮਾਕਾ ਪੈ ਗਿਆ। ਹਰ ਥਾਂ ਉਸ ਦੀ ਚਰਚਾ ਚਲਦੀ ਰਹਿੰਦੀ ਸੀ। ਦੋ ਚਾਰ ਦਿਨਾਂ ਵਿੱਚ ਹੀ ਪਤਾ ਲੱਗ ਗਿਆ ਕਿ ਉਹ ਇੱਕ ਉੱਚ ਸਰਕਾਰੀ ਅਫਸਰ ਦੀ ਇੱਕਲੋਤੀ ਧੀ ਸੀ ਅਤੇ ਉਸ ਦਾ ਨਾਮ ਸੰਯੋਗਤਾ ਸੀ।

ਪਹਿਲੇ ਹਫਤੇ ਹੀ ਸੰਯੋਗਤਾ ਨੇ ਬਹੁਤ ਸਾਰੇ ਮੁੰਡਿਆਂ ਨਾਲ ਜਾਣ-ਪਹਿਚਾਣ ਬਣਾ ਲਈ ਸੀ। ਉਹ ਸੋਹਣੀ ਹੋਣ ਦੇ ਨਾਲ ਨਾਲ ਬਹੁਤ ਹੀ ਹੁਸ਼ਿਆਰ ਅਤੇ ਚੁਸਤ ਚਲਾਕ ਸੀ। ਹਾਜਰ ਜਵਾਬ ਇੰਨੀ ਜਿਵੇਂ ਸਵਾਲ ਜਾਂ ਮਖੌਲ ਦਾ ਉਸ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੋਵੇ।

ਇੱਕ ਮਹੀਨੇ ਵਿੱਚ ਹੀ ਉਹ ਕਾਲਜ ਦੇ ਮੁੰਡਿਆਂ ਲਈ ਇੱਕ ਸਵਾਲ ਬਣ ਗਈ ਸੀ। ਹਰ ਮੁੰਡਾ ਉਸ ਨੂੰ ਆਪਣੇ ਨੇੜੇ ਸਮਝਦਾ ਸੀ। ਅੰਤ ਮੁੰਡਿਆਂ ਨੇ ਇੱਕ ਫੈਸਲਾ ਕੀਤਾ ਕਿ ਸੰਯੋਗਤਾ ਨੂੰ ਕਿਸੇ ਵਿਸ਼ੇਸ਼ ਹੋਟਲ ਵਿੱਚ ਖਾਣੇ ਉੱਤੇ ਸੱਦਿਆ ਜਾਵੇ। ਉਸ ਦੇ ਆਉਣ ਉੱਤੇ ਇਕ ਹਾਰ ਉਸ ਦੇ ਗਲ ਵਿੱਚ ਪਾ ਦਿੱਤਾ ਜਾਵੇ ਅਤੇ ਦੂਜਾ ਉਸਦੇ ਹੱਥ ਫੜਾਕੇ ਮੁੰਡਿਆਂ ਵੱਲ ਇਸ਼ਾਰਾ ਕੀਤਾ ਜਾਵੇ। ਜਿਸ ਦੇ ਗਲ ਵਿੱਚ ਉਹ ਹਾਰ ਪਾ ਦੇਵੇ ਗੀ, ਉਹ ਕਾਲਜ ਦਾ ਹੀਰੋ ਹੋਵੇਗਾ।

ਨੀਅਤ ਸਮੇਂ ਸਾਰੇ ਮੁੰਡੇ ਹੋਟਲ ਵਿੱਚ ਪਹੁੰਚ ਗਏ ਸਨ। ਸੰਯੋਗਤਾ ਆਪਣੀ ਕਾਰ ਵਿੱਚ ਆਈ। ਉਸ ਦੇ ਨਾਲ ਉਸ ਵਰਗਾ ਅੱਤ ਸੁੰਦਰ ਲੜਕਾ ਸੀ। ਉਸ ਦੇ ਗਲ ਵਿੱਚ ਪਹਿਲਾਂ ਹੀ ਹਾਰ ਪਾਇਆ ਹੋਇਆ ਸੀ। ਕਾਲਜ ਦੇ ਮੁੰਡੇ ਸਿਰ ਝੁਕਾਈ ਸੰਯੋਗਤਾ ਦੇ ਨਾਲ ਆਪਣੇ 'ਹੀਰੋ' ਨੂੰ ਵੀ ਮਿਲ ਰਹੇ ਸਨ।

# ਉਧਾਲਾ

ਸੁਖਪਾਲ ਕੌਰ ਨੂੰ ਆਪਣੇ ਨਾਮ ਉੱਤੇ ਬੜੀ ਘਿਰਣਾ ਜਿਹੀ ਹੋ ਜਾਂਦੀ ਸੀ। ਉਸ ਦੇ ਮਾਪਿਆਂ ਨੇ ਪਤਾ ਨਹੀਂ ਉਸ ਦਾ ਇਹ ਨਾਮ ਕਿਉਂ ਰੱਖਿਆ ਸੀ। ਉਨ੍ਹਾਂ ਆਪਣੇ ਸੁੱਖ ਲਈ ਉਸ ਦੇ ਸੁੱਖ ਲਈ ਜਾਂ ਫਿਰ ਕਿਸੇ ਹੋਰ ਤੀਜੇ ਦੇ ਸੁੱਖ ਲਈ ਰੱਖਿਆ ਹੋਵੇ , ਇਹ ਤਾਂ ਰੱਬ ਹੀ ਜਾਣਦਾ ਸੀ। ਉਸ ਵੇਲੇ ਸ਼ਾਇਦ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਹ ਸੁੱਖ ਦਾ ਸ਼ਬਦ ਉਸ ਦੀ ਕਿਨੇ ਅਕਹਿ ਅਤੇ ਅਸਹਿ ਦੁੱਖਾਂ ਨਾਲ ਸਾਂਝ ਪਵਾਏਗਾ।

ਸੁਖਪਾਲ ਨੂੰ ਕਨੇਡਾ ਰਹਿੰਦੇ ਮੁੰਡੇ ਨਾਲ ਵਿਆਹ ਕੇ, ਉਸ ਦੇ ਮਾਪੇ ਤਾਂ ਸੁੱਖ ਦੀ ਨੀਂਦ ਸੌਣ ਲੱਗ ਪਏ ਸਨ, ਪਰ ਉਸ ਦੇ ਪੱਲੇ ਜਿਹੜੀ ਰਾਤਾਂ ਦੀ ਸਦੀਵੀ ਜਾਗ ਪੈ ਗਈ ਸੀ, ਉਸ ਬਾਰੇ ਤਾਂ ਕੇਵਲ ਉਹੀ ਜਾਣ ਸਕਦੀ ਸੀ।

ਉਸ ਦੀ ਰੱਖਿਆ ਕਰਨ ਵਾਲਾ ਪਤੀ, ਉਸ ਦੇ ਤਨ ਨਾਲ ਚਾਰ ਦਿਨ ਖੇਡਕੇ ਅਤੇ ਉਸ ਨੂੰ ਜਲਦੀ ਕਨੇਡਾ ਸੱਦ ਲੈਣ ਦਾ ਮਿੱਠਾ ਲਾਰਾ ਲਾਕੇ ਚਿੜੀ ਪੂੰਝਾ ਛਡਾ ਗਿਆ ਸੀ। ਸੁਹਾਗ ਰਾਤ ਵਾਲੇ ਚੁਬਾਰੇ ਵਿੱਚ ਕਹਿਣ ਨੂੰ ਤਾਂ ਉਹ ਇਕੱਲੀ ਸੌਂਦੀ ਸੀ। ਪਰ ਅਸਲ ਵਿੱਚ ਉਹ ਨਾ ਹੀ ਕਦੇ ਇਕੱਲੀ ਹੁੰਦੀ ਸੀ ਅਤੇ ਨਾ ਹੀ ਕਦੇ ਉਸ ਨੂੰ ਕੋਈ ਸੌਂਣ ਹੀ ਦਿੰਦਾ ਸੀ। ਉਹ ਹਰ ਰਾਤ ਦੀ ਸਾਰੀ ਰਾਤ ਸੂਲੀ ਚੜ੍ਹੀ ਰਹਿੰਦੀ ਸੀ ਅਤੇ ਦਿਨ ਦਾ ਚੜ੍ਹਾ ਹੀ ਉਸ ਦੀਆਂ ਪੀੜਾਂ ਦਾ ਅੰਤ ਕਰਦਾ ਸੀ।

ਉਸ ਦੇ ਤਨ, ਮਨ ਪੱਛੀਦੇ ਨੂੰ ਸਾਲ ਹੀ ਤਾਂ ਲੰਘ ਗਿਆ ਸੀ। ਉਸ ਨੂੰ ਕਿਸੇ ਦੇ ਆਉਣ ਦੀ ਆਸ ਤਾਂ ਬਹੁਤ ਪਹਿਲਾਂ ਹੀ ਮੁੱਕ ਚੁੱਕੀ ਸੀ। ਉਸ ਦੇ ਮਨ ਦਾ ਸਬਰ ਸਾਰੀਆਂ ਸੀਮਾਵਾਂ ਲੰਘ ਚੁੱਕਿਆ ਸੀ। ਇਸ ਅਖੌਤੀ ਸਵਰਗ ਨੂੰ ਛੱਡਕੇ ਉਸ ਨਰਕ ਵਿੱਚ ਜਾਣ ਦਾ ਦਰਿੜ ਫੈਸਲਾ ਕਰ ਲਿਆ ਸੀ। ਉਹ ਕਿਸੇ ਸਮੇਂ ਵੀ ਵਰਜਿੱਤ ਫਲ ਖਾਣ ਦੀ ਹਿੰਮਤ ਵਟੋਰ ਰਹੀ ਸੀ।

ਵਿਸਾਖੀ ਵਾਲੇ ਦਿਨ ਜਦ ਪਿੰਡ ਦੇ ਗੁਰਦੁਆਰੇ ਵਿੱਚ ਖਾਲਸੇ ਦੇ ਤਿੰਨ ਸੌ ਸਾਲਾ ਜਸ਼ਨਾ ਦਾ ਅੰਤ ਹੋ ਰਿਹਾ ਸੀ, ਉਸ ਸਮੇਂ ਇੱਕ ਬੰਧੂਆ ਸੁਹਾਗਣ ਆਪਣੇ ਉਧਾਲੇ ਦਾ ਅਰੰਭ ਕਰ ਰਹੀ ਸੀ।

# ਲਾਗ ਦੀ ਬਿਮਾਰੀ

ਸਹਿਜਪ੍ਰੀਤ ਦੀ ਮੰਮੀ ਨੂੰ ਫਿਕਰ ਜਿਹਾ ਹੋ ਗਿਆ ਸੀ। ਉਸ ਦੀ ਧੀ ਕਦੇ ਇਨੀ ਸੁਸਤ ਅਤੇ ਖੋਈ ਖੋਈ ਜਿਹੀ ਨਹੀਂ ਹੋਈ ਸੀ। ਉਹ ਸਕੂਲ ਵਿੱਚ ਪੜ੍ਹਦੀ ਬੜੀ ਹੱਸਮੁੱਖ ਅਤੇ ਸ਼ਰਾਰਤੀ ਹੁੰਦੀ ਸੀ। ਸ਼ਹਿਰ ਦੇ ਕਾਲਜ ਜਾ ਕੇ ਵੀ ਉਸ ਦੇ ਸੁਭਾਅ ਵਿੱਚ ਕੋਈ ਵਧੇਰੇ ਫਰਕ ਨਹੀਂ ਪਿਆ ਸੀ।

ਇਕ ਮਹੀਨੇ ਤੋਂ ਉਹ ਵੇਖ ਰਹੀ ਸੀ ਕਿ ਕੁੜੀ ਚੁੱਪ ਚੁੱਪ ਅਤੇ ਕੁਝ ਸੋਚਾਂ ਵਿੱਚ ਡੁੱਬੀ ਰਹਿੰਦੀ ਸੀ। ਕਾਲਜ ਜਾਣ ਵੇਲੇ ਤਾਂ ਉਸ ਦਾ ਚਿਹਰਾ ਕੁਝ ਟਹਿਕਿਆ ਹੁੰਦਾ ਸੀ ਪਰ ਘਰ ਸਦਾ ਮੁਰਝਾਏ ਫੁੱਲ ਵਾਂਗ ਹੀ ਪੁੱਜਦੀ ਸੀ। ਉਹ ਘਰ ਵੀ ਅੱਖਾਂ ਮੀਚਕੇ ਜਾਂ ਤਾਂ ਕੁਰਸੀ ਉੱਤੇ ਬੈਠੀ ਸੋਚਾਂ ਵਿੱਚ ਵਹਿ ਟੁਰਦੀ ਜਾਂ ਫਿਰ ਬੈੱਡ ਉੱਤੇ ਪਈ ਬੇਚੈਨੀ ਵਿੱਚ ਪਾਸੇ ਪਰਤਦੀ ਰਹਿੰਦੀ ਸੀ।

''ਸਹਿਜ ਬੇਟੀ ਤੇਰਾ ਕੁਝ ਦੁਖਦਾ ਏ, ਬੜੀ ਚੁੱਪ ਜਿਹੀ ਰਹਿੰਦੀ ਏ?'' ਇੱਕ ਦਿਨ ਉਸ ਦੀ ਮਾਂ ਨੇ ਪੁੱਛ ਹੀ ਲਿਆ।

''ਮੰਮੀ ਕਈ ਵਾਰੀ ਮੇਰੇ ਅੰਦਰੋਂ ਕੁਝ ਬਾਹਰ ਆਉਣ ਨੂੰ ਕਰਦਾ ਏ, ਅਤੇ ਬਹੁਤੇ ਵਾਰੀ ਬਹੁਤ ਕੁਝ ਬਾਹਰੋਂ ਮੇਰੇ ਅੰਦਰ ਜਾਣ ਦੀ ਜਿੱਦ ਜਿਹੀ ਵੀ ਕਰਦਾ ਰਹਿੰਦਾ ਏ........।'' ਅਗੋਂ ਉਹ ਚੁੱਪ ਹੋ ਗਈ।

''ਅਜਿਹੀ ਉਮਰ ਵਿੱਚ ਇਹ ਲਾਗ ਦੀ ਬਿਮਾਰੀ ਹੋ ਹੀ ਜਾਂਦੀ ਏ।''

ਮਾਂ ਕਹਿਣ ਨੂੰ ਤਾਂ ਕਹਿ ਗਈ, ਪਰ ਉਸ ਦਾ ਮੱਥਾ ਠਣਕਿਆ।

# ਦੂਜਾ ਤਲਾਕ

ਪ੍ਰੀਤਕੰਵਲ ਡਬਲ-ਬੈੱਡ ਉੱਤੇ ਇਕੱਲੀ ਲੇਟੀ ਅੱਜ ਦੀ ਵਾਪਰੀ ਘਟਨਾ ਬਾਰੇ ਸੋਚ ਰਹੀ ਸੀ। ਉਸ ਦੇ ਬਚਪਨ ਦੇ ਦਿਨ ਕਿੰਨੇ ਬੇਫਿਕਰ ਅਤੇ ਅੱਖੜੇ ਸਨ। ਉਹ ਉਹੀ ਕੁਝ ਹੀ ਕਰਿਆ ਕਰਦੀ ਸੀ ਜੋ ਉਸ ਨੂੰ ਚੰਗਾ ਲੱਗਦਾ ਸੀ। ਜਵਾਨੀ ਵਿੱਚ ਉਹ ਹਰ ਮੁੰਡੇ ਨੂੰ ਗ਼ਾਜਰ-ਮੂਲੀ ਹੀ ਸਮਝਿਆ ਕਰਦੀ ਸੀ। ਉਸ ਨੂੰ ਪਿਆਰ ਕਰਨ ਦੀ ਨਹੀਂ ਕਰਵਾਉਣ ਦੀ ਆਦਤ ਸੀ।

ਉਸ ਨੇ ਆਪਣੇ ਪਤੀ ਨੂੰ ਕੇਵਲ ਇਸ ਕਰਕੇ ਹੀ ਤਲਾਕ ਦੇ ਦਿੱਤਾ ਸੀ ਕਿਉਂਕਿ ਉਹ ਵਕਤ ਤੋਂ ਪਹਿਲਾਂ ਹੀ ਦਫਤਰ ਚਲਿਆ ਜਾਂਦਾ ਸੀ ਅਤੇ ਰਾਤ ਪਈ ਤੋਂ ਕੰਮ ਨਾਲ ਥੱਕਿਆ ਟੁੱਟਿਆ ਘਰ ਪਰਤਦਾ ਸੀ।

ਉਹ ਸਾਲ ਭਰ ਤੋਂ ਆਪਣੇ ਇੱਕ ਦੋਸਤ ਨਾਲ ਰਹਿ ਰਹੀ ਸੀ। ਉਹ ਆਪਣੇ ਸਮਾਜਿਕ ਫਰਜਾਂ ਨੂੰ ਭੁਲਾਕੇ ਆਪਣੀਆਂ ਨਿੱਜੀ ਗ਼ਰਜਾਂ ਦੀ ਦਲਦਲ ਵਿੱਚ ਖੁੱਭਦੀ ਜਾ ਰਹੀ ਸੀ। ਇੱਕ ਦਿਨ ਉਹ ਕੁਝ ਅਚਾਨਕ ਹੀ ਵਾਪਰ ਗਿਆ, ਜਿਸ ਬਾਰੇ ਉਸ ਨੂੰ ਕਦੀ ਸੋਚਣ ਦੀ ਵਿਹਲ ਹੀ ਨਹੀਂ ਮਿਲੀ ਸੀ। ਉਸ ਦੇ ਪੇਟ ਦਾ ਸੱਚ ਜਿਉਂ ਹੀ ਮੂੰਹ ਵਿੱਚੋਂ ਬਾਹਰ ਆਇਆ, ਉਸ ਦੇ ਦੋਸਤ ਨੇ ਨਫਰਤ ਨਾਲ ਉਸ ਦੇ ਮੂੰਹ ਉੱਤੇ ਥੁੱਕਿਆ ਅਤੇ ਉਸ ਨੂੰ ਸਦਾ ਲਈ ਛੱਡਕੇ ਚਲਿਆ ਗਿਆ।

ਉਹ ਸੋਚ ਰਹੀ ਸੀ ਕਿ ਇਹ ਘਟਨਾ ਦੂਜਾ-ਤਲਾਕ ਸੀ ਜਾਂ ਫਿਰ ਪਹਿਲੇ ਤਲਾਕ ਦੀ ਸਜਾ।

# ਡੁਲ੍ਹੇ ਬੇਰ

ਮੁਹਿੰਦਰ ਕੌਰ ਨੂੰ ਆਪਣੇ ਸੌਹਰੇ ਪਰਿਵਾਰ ਨਾਲ ਲੜਕੇ ਪੇਕੀਂ ਆਇਆਂ ਦੋ ਮਹੀਨੇ ਤੋਂ ਵੱਧ ਸਮਾਂ ਹੋ ਚੁੱਕਿਆ ਸੀ। ਸੌਹਰਿਆਂ ਵਾਲੇ ਘਰ ਤੋਂ ਹਾਲੀ ਤੱਕ ਕੋਈ ਸੁੱਖ ਸੁਨੇਹਾ ਜਾਂ ਟੈਲੀਫੋਨ ਨਹੀਂ ਆਇਆ ਸੀ। ਉਸ ਨੂੰ ਮਹਿਸੂਸ ਹੋਣ ਲੱਗ ਗਿਆ ਸੀ ਕਿ ਉਸ ਵਲੋਂ ਗੁੱਸੇ ਅਤੇ ਕਾਹਲ ਵਿੱਚ ਗਲਤੀ ਹੋ ਗਈ ਸੀ। ਉਸ ਦੇ ਪਤੀ ਨੇ ਜਦ ਉਸ ਘਟਨਾ ਉੱਤੇ ਠੰਢੇ ਦਿਲ ਨਾਲ ਵਿਚਾਰ ਕਰਨ ਦੀ ਸਲਾਹ ਦਿੱਤੀ ਸੀ ਤਾਂ ਉਹ ਟੁੱਟਕੇ ਉਸ ਦੇ ਗਲ ਹੀ ਤਾਂ ਪੈ ਗਈ ਸੀ।

ਉਸ ਨੇ ਆਪਣੇ ਭਰਾਵਾਂ ਨੂੰ ਅਸਲ ਗੱਲ ਦੱਸਣ ਦੀ ਥਾਂ ਇਹੀ ਦੱਸਿਆ ਸੀ ਕਿ ਸੌਹਰਿਆਂ ਨੇ ਉਸ ਨੂੰ ਧੱਕੇ ਮਾਰਕੇ ਘਰੋਂ ਕੱਢ ਦਿੱਤਾ ਸੀ। ਦਬੀ ਜਬਾਨ ਨਾਲ ਉਸ ਨੇ ਆਪਣੀ ਮਾਂ ਨੂੰ ਸਾਰੀ ਗੱਲ ਦੱਸ ਦਿੱਤੀ ਸੀ। ਮਾਂ ਨੇ ਆਪਣੀ ਧੀ ਦੀ ਗਲਤੀ ਅਨੁਭਵ ਕਰਕੇ ਉਸ ਨੂੰ ਸਲਾਹ ਦਿੱਤੀ ਸੀ ਕਿ ਡੁੱਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ ਚੁੱਕਕੇ ਝੋਲੀ ਵਿੱਚ ਪਾ ਲਵੇ।

ਉਹ ਆਪਣੇ ਕੀਤੇ ਉਤੇ ਪਸਚਾਤਾਪ ਕਰਨਾ ਚਾਹੁੰਦੀ ਸੀ ਪਰ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰੇ।

ਉਸ ਨੇ ਆਪਣੇ ਪਤੀ ਦਾ ਫੂਨ ਮਿਲਾਇਆ, ''ਸਰਦਾਰ ਜੀ ਮੈਂ ਤੁਹਾਡੀ ਮੁਹਿੰਦਰ ਕੌਰ ਬੋਲ ਰਹੀ ਹਾਂ, ਮੇਰੇ ਬੇਰ ਡੁੱਲ ਗਏ ਹਨ।'' ''ਉਹ ਤਾਂ ਕਦੇ ਵੀ ਚੁੱਕਕੇ ਝੋਲੀ ਪਾਏ ਜਾ ਸਕਦੇ ਹਨ।'' ਪਤੀ ਦਾ ਉਤਸ਼ਾਹ ਪੂਰਨ ਸੰਕੇਤ ਸੀ।

# ਡੇਟਿੰਗ

''ਮਾਂ ਮੈਂ ਹੁਣ ਡੇਟਿੰਗ ਕਰ ਲਿਆ ਕਰਾਂ?'' ਦਸਵੀਂ ਪੜ੍ਹਦੀ ਪੇਂਡੂ ਕੁੜੀ ਨੇ ਆਪਣੀ ਅਣਪੜ੍ਹ ਮਾਂ ਤੋਂ ਪੁੱਛਿਆ।

''ਜੇ ਕੋਈ ਖਾਣ, ਪਹਿਨਣ ਜਾਂ ਖੁਸ਼ੀ ਦੀ ਗੱਲ ਹੈ ਤਾਂ ਕਰ ਲਿਆ ਕਰ। ਪਰ ਇਹ ਹੈ ਕੀ ਚੀਜ?'' ਮਾਂ ਦੀ ਸਮਝ ਵਿੱਚ ਕੁਝ ਵੀ ਨਹੀਂ ਆਇਆ ਸੀ।

''ਪੂਰਾ ਪਤਾ ਤਾਂ ਮੈਨੂੰ ਵੀ ਨਹੀਂ, ਮੇਰੇ ਹਾਣ ਦੀਆਂ ਕੁੜੀਆਂ ਕਹਿੰਦੀਆਂ ਸਨ ਕਿ ਹੁਣ ਮੈਂ ਬਹੁਤ ਸੁੰਦਰ ਹੁੰਦਾ ਜਾ ਰਹੀ ਹਾਂ, ਕਈ ਮੁੰਡੇ ਮੇਰੇ ਨਾਲ ਡੇਟਿੰਗ ਕਰਨੀ ਮੰਗ ਰਹੇ ਹਨ।'' ਕੁੜੀ ਦੀ ਅਪੂਰਣ ਸੂਚਨਾ ਨਾਲ ਮਾਂ ਦੇ ਕੁਝ ਪੱਲੇ ਨਹੀਂ ਪਿਆ ਸੀ।

ਕੁੜੀ ਨੇ ਮੌਕਾ ਪਾ ਕੇ ਆਪਣੇ ਬਾਪੂ ਦੇ ਕੰਨਾਂ ਵਿੱਚ ਵੀ ਇਹ ਗੱਲ ਪਾਈ, ਪਰ ਉਸ ਨੇ ਗੱਲ ਇੱਕ ਕੰਨ ਵਿੱਚ ਪਾਕੇ ਦੂਜੇ ਵਿਚੋਂ ਕੱਢ ਦਿੱਤੀ ਜਾਪਦੀ ਸੀ। ਪਤਾ ਨਹੀਂ ਉਸ ਨੂੰ ਗੱਲ ਦੀ ਸਮਝ ਹੀ ਨਹੀਂ ਆਈ ਸੀ ਜਾਂ ਫਿਰ ਉਸਨੇ ਸਭ ਕੁਝ ਜਾਣਕੇ ਵੀ ਕੋਈ ਜਵਾਬ ਦੇਣਾ ਯੋਗ ਨਹੀਂ ਸਮਝਿਆ ਸੀ।

ਜਦ ਕੁੜੀ ਨੇ ਆਪਣੇ ਮਾਸਟਰ ਵੀਰ ਤੋਂ ਇਹੀ ਸਵਾਲ ਪੁੱਛਿਆ ਤਾਂ ਉਸਦਾ ਚਿਹਰਾ ਇੱਕ ਦਮ ਤਣ ਗਿਆ ਸੀ ਅਤੇ ਉਸਦੀਆਂ ਅੱਖਾਂ ਵਿਚੋਂ ਅੰਗਿਆਰ ਵਰਣ ਲੱਗ ਪਏ ਸਨ।

''ਸ਼ਰਮ ਨਹੀਂ ਆਉਂਦੀ, ਸਾਡਾ ਨੱਕ ਸਾਥੋਂ ਪੁੱਛਕੇ ਵੱਡਣਾ ਚਾਹੁੰਦੀ ਏਂ?'' ਉਹ ਬੁਖਲਾ ਗਿਆ ਸੀ। ਉਸ ਦਾ ਹੱਥ ਉਠਦਾ, ਉਠਦਾ ਰੁਕ ਗਿਆ ਸੀ।

ਇਸ ਡੇਟਿੰਗ ਦੀ ਤਿੱਖੀ ਧਾਰ ਤੋਂ ਹੁਣ ਕੁੜੀ ਵੀ ਡਰ ਗਈ ਸੀ।

# ਮਜਬੂਰੀਆਂ

ਸ਼ਹਿਰ ਵਿੱਚ ਝੁੱਗੀਆਂ ਝੌਂਪੜੀਆਂ ਦੇ ਵਾਸੀ ਮੁੰਡੇ, ਕੁੜੀਆਂ ਨੂੰ ਲਫਾਫੇ, ਕਾਗਜ਼, ਗੱਤੇ, ਲੋਹਾ ਆਦਿ ਇਕੱਠਾ ਕਰਦਿਆਂ ਨੂੰ ਤੱਕਣਾ ਆਮ ਜਿਹੀ ਗੱਲ ਏ। ਇਹ ਸਭ ਕੁਝ ਕਰਨਾ ਉਨਾਂ ਦੀ ਲੋੜ ਹੋ ਸਕਦੀ ਏ ਜਾਂ ਫਿਰ ਮਜ਼ਬੂਰੀ ਵੀ।

ਨੌਜਵਾਨ ਕੁੜੀਆਂ ਮੋਢੇ ਬੋਰੀਆਂ ਪਾਕੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਝੁੱਗੀਆਂ ਵਿਚੋਂ ਨਿਕਲ ਜਾਂਦੀਆਂ ਸਨ। ਉਹ ਸਾਰਾ ਦਿਨ ਸ਼ਹਿਰ ਦੇ ਚੰਗੇ ਮਾੜੇ ਥਾਵਾਂ ਉੱਤੇ ਫਿਰਦੀਆਂ ਰਹਿੰਦੀਆਂ ਸਨ। ਜਦ ਸ਼ਾਮ, ਰਾਤ ਜਾਂ ਬਹੁਤ ਰਾਤ ਗਈ ਉਹ ਵਾਪਸ ਪੁੱਜਦੀਆਂ ਤਾ ਉਨ੍ਹਾਂ ਦੀਆਂ ਜੇਬਾਂ ਵਿੱਚ ਕੁਝ ਹੁੰਦਾ ਸੀ।

ਅਜਿਹੀਆਂ ਹੀ ਦੋ ਸੁਨੱਖੀਆਂ ਕੁੜੀਆਂ ਸਟੇਸ਼ਨ ਉੱਤੇ ਮੰਗ ਰਹੀਆਂ ਸਨ। ਉਹ ਵਧੇਰੇ ਨੌਜਵਾਨ ਮੁੰਡਿਆਂ ਅੱਗੇ ਹੀ ਹੱਥ ਅੱਡਦੀਆਂ ਸਨ।

ਤੁਹਾਨੂੰ ਮੰਗਦੀਆਂ ਨੂੰ ਸ਼ਰਮ ਨਹੀਂ ਆਉਂਦੀ?' ਇੱਕ ਨੌਜਵਾਨ ਮੁੰਡੇ ਦੇ ਸਾਥੀ ਨੇ ਆਪਣੀ ਪੈਂਟ ਦੀ ਜੇਬ ਵਿੱਚ ਹੱਥ ਪਾਉਂਦੇ ਨੇ ਪੁੱਛਿਆ।

'ਗੱਲ ਸ਼ਰਮ ਦੀ ਨਹੀਂ, ਗੱਲ ਮਜ਼ਬੂਰੀ ਦੀ ਏ।'

'ਜਵਾਨੀ ਨੂੰ ਮਜ਼ਬੂਰੀ ਵੀ ਕੀ?' ਮੁੰਡਾ ਖਚਰੀ ਹਾਸੀ ਹੱਸਿਆ।

'ਗਰੀਬੀ ਦਾ ਦੁੱਖ, ਪੇਟ ਦੀ ਭੁੱਖ।', ਮਜ਼ਬੂਰੀ ਬੋਲੀ

'ਕੋਈ ਅਗਲੀ ਗੱਲ?' ਮੁੰਡੇ ਦੀਆਂ ਲਾਲਾਂ, ਡਿੱਗ ਰਹੀਆਂ ਸਨ।

'ਕੁੱਝ ਹੱਥ ਤੇ ਤਾਂ ਧਰ।' ਉਹ ਪੰਜ ਦਾ ਨੋਟ ਲੈ ਕੇ ਅੱਗੇ ਟੁਰ ਗਈਆਂ।

# ਸਮਝੌਤਾ

ਵੋਟਾਂ ਪਈਆਂ ਨੂੰ ਹਾਲੀ ਮਹੀਨਾ ਹੀ ਨਹੀਂ ਹੋਇਆ ਸੀ ਕਿ ਧੀਰੇ ਹਰੀਜਨ ਨੇ ਕੱਚੀ ਕੋਠੜੀ ਦੇ ਲਾਗੇ ਪੱਕਾ ਮਕਾਨ ਬਣਾਉਣਾ ਆਰੰਭ ਦਿੱਤਾ ਸੀ। ਸ਼ਹਿਰ ਤੋਂ ਲਿਆਂਦੀਆਂ ਚੁਗਾਠਾਂ ਰੱਖਕੇ ਉਸ ਨੇ ਦਿਨਾਂ ਵਿੱਚ ਹੀ ਕਮਰੇ ਖੜ੍ਹੇ ਕਰ ਦਿੱਤੇ ਸਨ।

ਲੈਂਟਰ ਪੈ ਰਿਹਾ ਸੀ ਅਤੇ ਫੀਮ ਦੇ ਨਸ਼ੇ ਨਾਲ ਰੱਜੇ ਮਜ਼ਦੂਰ ਚਾਂਗਰਾਂ ਮਾਰ ਰਹੇ ਸਨ। ਧੀਰੇ ਦਾ ਕੋਲ ਖੜ੍ਹਾ ਲੰਗੋਟੀਆ ਯਾਰ ਉਸ ਤੋਂ ਪੁੱਛ ਰਿਹਾ ਸੀ ਕਿ ਸਾਰੇ ਖਰਚ ਲਈ, ਕਾਰੂ ਦਾ ਖਜਾਨਾ ਕਿਥੋਂ ਹੱਥ ਲੱਗ ਗਿਆ ਸੀ।

'ਵੋਟ-ਬੈਂਕ ਅਤੇ ਨੋਟ-ਬੈਂਕ ਦਾ ਸਮਝੌਤਾ ਹੋ ਗਿਆ ਸੀ।'

ਧੀਰੇ ਨੇ ਅੱਖ ਦੱਬੀ ਅਤੇ ਬਾਕੀ ਗੱਲ ਨੂੰ ਢਕੀ ਰਹਿਣ ਦਾ ਸੰਕੇਤ ਕੀਤਾ।

# ਯਤੀਮ ਖਾਣਾ

ਸ਼ਹਿਰ ਵਿੱਚ ਬਹੁਤ ਹੀ ਸੁੰਦਰ ਛੱਬ ਵਾਲਾ ਲੰਮਾ ਚੌੜਾ ਟੈਂਟ ਲੱਗਿਆ ਹੋਇਆ ਸੀ। ਫੁੱਲਾਂ ਲੱਦੇ ਗਮਲਿਆਂ ਅਤੇ ਨਵੇਂ ਗਲੀਚਿਆਂ ਨਾਲ ਉਸ ਨੂੰ ਮਹਿਕਾਇਆ ਅਤੇ ਸਜਾਇਆ ਗਿਆ ਸੀ। ਟੈਂਟ ਦੇ ਚਾਰੇ ਪਾਸੇ ਪੁਲਸ ਦਾ ਪਹਿਰਾ ਸੀ। ਕੇਂਦਰ ਦਾ ਕੋਈ ਵਜੀਰ ਖਾਣੇ ਉੱਤੇ ਪੁੱਜ ਰਿਹਾ ਸੀ।

ਵਜੀਰ ਸਾਹਿਬ ਖਾਣਾ ਖਾ ਕੇ ਅਤੇ ਪ੍ਰਬੰਧਕਾਂ ਨਾਲ ਵਿਚਾਰ-ਵਟਾਂਦਰਾ ਕਰਕੇ ਜਾ ਚੁੱਕੇ ਸਨ। ਸ਼ਹਿਰ ਦੇ ਆਮ ਲੋਕ, ਪ੍ਰਬੰਧਕਾਂ ਦੇ ਦੋਸਤ ਮਿੱਤਰ ਅਤੇ ਜਨਾਨੀਆਂ ਰਹਿੰਦੇ ਖਾਣੇ ਨੂੰ ਅੰਤਮ ਛੋਹਾਂ ਲਾ ਰਹੇ ਸਨ।

ਮਹਿਮਾਨਾਂ ਦੀ ਚੰਗੀ ਜੂਠ ਟੱਬਾਂ ਵਿੱਚ ਪਾ ਕੇ ਰੱਖੀ ਜਾ ਰਹੀ ਸੀ ਤਾਂ ਜੋ ਉਸ ਨੂੰ ਯਤੀਮ-ਖਾਨੇ ਭੇਜਿਆ ਜਾ ਸਕੇ। ਝੁੱਗੀਆਂ, ਝੌਂਪੜੀਆਂ ਵਾਲਾ ਇੱਕ ਚੁਸਤ ਮੁੰਡਾ ਪ੍ਰਬੰਧਕਾਂ ਦੀ ਅੱਖ ਬਚਾਕੇ ਟੈਂਟ ਵਿੱਚ ਵੜ ਗਿਆ ਅਤੇ ਉਸ ਨੇ ਆਪਣਾ ਕੌਲਾ ਟੱਬ ਦੀ ਜੂਠ ਵਿਚੋਂ ਭਰ ਲਿਆ ਸੀ। ਉਹ ਆਪਣੀ ਭੁੱਖ ਦਾ ਸਾਮਾਨ ਲੈ ਕੇ ਬਾਹਰ ਖਿਸਕਣ ਹੀ ਵਾਲਾ ਸੀ ਕਿ ਇੱਕ ਪ੍ਰਬੰਧਕ ਦੀ ਨਿਗਾ ਪੈ ਗਿਆ।

''ਉਏ ਕੁੱਤੇ ਦੇ ਪੁੱਤਰਾ! ਇਹ ਯਤੀਮ-ਖਾਣਾ ਖਾਕੇ ਯਤੀਮ ਬਣਨਾ ਏ'' ਉਸ ਨੇ ਭਰੇ ਕੌਲੇ ਨੂੰ ਮੁੜ ਟੱਬ ਵਿੱਚ ਉਲਟ ਦਿੱਤਾ।

# ਦੁਚਿੱਤੀ

ਹਰੀਜਨ ਬਸਤੀ ਵਿੱਚ ਨਵੇਂ ਖੁੱਲੇ ਸਕੂਲ ਦੀ ਬੜੀ ਚਰਚਾ ਸੀ। ਸਿਆਣੇ ਬਜ਼ੁਰਗ ਇਸ ਨੂੰ ਸਲਾਹ ਰਹੇ ਸਨ ਅਤੇ ਆਮ ਲੋਕ ਇਸ ਨੂੰ ਸਰਕਾਰ ਦੀ ਵੋਟ ਵਟੋਰ ਸਕੀਮ ਦਾ ਇੱਕ ਹਿੱਸਾ ਦਸ ਰਹੇ ਸਨ। ਬਸਤੀ ਦੀਆਂ ਗਲੀਆਂ ਵਿੱਚ ਫਿਰਦੇ ਅਵਾਰਾ ਬੱਚੇ ਧੜਾ ਧੜ ਸਕੂਲ ਵਿੱਚ ਦਾਖਲ ਹੋ ਰਹੇ ਸਨ। ਕੁੜੀਆਂ ਨੂੰ ਸਕੂਲ ਵਿੱਚ ਪਹਿਲ ਦਿੱਤੀ ਜਾ ਰਹੀ ਸੀ। ਪਰ ਉਨ੍ਹਾਂ ਦੀ ਗਿਣਤੀ ਹਾਲੀ ਆਟੇ ਵਿੱਚ ਲੂਣ ਸਮਾਨ ਹੀ ਸੀ। ਸਕੂਲ ਵਿੱਚ ਦਾਖਲ ਹੋਣ ਵਾਲੇ ਹਰ ਹਰੀਜਨ ਬੱਚੇ ਨੂੰ ਸੌ ਰੁਪਏ ਪ੍ਰਤੀ ਮਹੀਨਾ ਵਜੀਫਾ ਦੇਣ ਦੇ ਨਾਲ, ਉਨ੍ਹਾਂ ਦੇ ਖਾਣ, ਪੀਣ ਅਤੇ ਪਹਿਨਣ ਦਾ ਸਾਰਾ ਖਰਚ ਵੀ ਸਰਕਾਰੀ ਸੀ।

ਵਿਧਵਾ ਅੰਨੀ ਬਸੰਤੀ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰੇ। ਆਪਣੇ ਦੋਵਾਂ ਬੱਚਿਆਂ ਨੂੰ ਉਹ ਪੜ੍ਹਾਉਣਾ ਤਾਂ ਚਾਹੁੰਦੀ ਸੀ, ਪਰ ਉਹ ਦੋਵੇਂ ਉਸ ਦੀ ਮੰਗਣ ਵਿੱਚ ਸਹਾਇਤਾ ਕਰਦੇ ਸਨ ਜਿਸ ਨਾਲ ਘਰ ਦੀ ਰੋਟੀ ਅਤੇ ਲੋੜਾਂ ਪੂਰੀਆਂ ਹੁੰਦੀਆਂ ਸਨ।

ਉਹ ਦੁਚਿੱਤੀ ਵਿੱਚ ਸੀ ਕਿ ਬੱਚਿਆਂ ਦੇ ਭਵਿੱਖ ਨੂੰ ਗਲੇ ਲਗਾਵੇ ਜਾਂ ਆਪਣੇ ਵਰਤਮਾਨ ਦਾ ਗਲਾ ਘੁੱਟੇ।

# ਮਜ਼ਦੂਰ ਦਿਨ

ਧਰਮੀ ਆਪਣੇ ਮਜ਼ਦੂਰ ਪਤੀ ਦੀ ਉਡੀਕ ਕਰ ਰਹੀ ਸੀ ਤਾਂ ਜੋ ਉਹ ਅੱਜ ਦੀ ਮਜ਼ਦੂਰੀ ਵਿਚੋਂ ਆਟਾ ਲੈ ਆਵੇ ਅਤੇ ਬੱਚਿਆਂ ਦੇ ਭੁੱਖੇ ਪੇਟ ਵਿੱਚ ਕੁਝ ਪਾ ਸਕੇ।

ਉਸਦੀ ਵੱਡੀ ਨਨਾਣ ਕੱਲ ਸੌਹਰੀਂ ਤਾਂ ਚਲੀ ਗਈ ਸੀ। ਪਰ ਉਸਦਾ ਜਾਣਾ ਕਈ ਦਿਹਾੜੀਆਂ ਦੀ ਰਕਮ ਉੱਤੇ ਹੂੰਝਾ ਫੇਰ ਗਿਆ ਸੀ। ਅੱਜ ਕਿਸੇ ਵੀ ਘਰ ਤੋਂ ਉਧਾਰਾ ਆਟਾ ਨਹੀਂ ਮਿਲਿਆ ਸੀ। ਸਭ ਘਰ ਉਨ੍ਹਾਂ ਵਰਗੇ ਹੀ ਹਨ, ਰੋਜ਼ ਆਟਾ ਕੌਣ ਦੇ ਸਕਦਾ ਏ।

''ਅੱਜ ਤੂੰ ਰਸੋਈ ਦਾ ਸਾਮਾਨ ਫਿਰ ਨਹੀਂ ਲਿਆਂਦਾ? ਧਰਮੀ ਪਤੀ ਦੇ ਗਲ ਹੀ ਤਾਂ ਪੈ ਗਈ ਸੀ।

''ਅੱਜ ਤਾਂ ਮਈ ਦਿਨ ਸੀ। ਸਾਰੇ ਮਜ਼ਦੂਰਾਂ ਦਾ ਸਾਂਝਾ ਦਿਨ। ਅੱਜ ਕਿਸੇ ਦਿਹਾੜੀ ਨਹੀਂ ਲਾਈ। ਸਾਰਾ ਦਿਨ ਰੈਲੀਆਂ ਹੁੰਦੀਆਂ ਰਹੀਆਂ, ਭਾਸ਼ਨ ਚੱਲਦੇ ਰਹੇ ਅਤੇ ਅਮੀਰਾਂ ਦੇ ਕੰਨ ਖੋਲ੍ਹਣ ਲਈ ਨਾਹਰੇ ਲੱਗਦੇ ਰਹੇ......।'' ਉਹ ਸ਼ਾਇਦ ਕੁਝ ਹੋਰ ਵੀ ਅੱਗੇ ਬੋਲਦਾ ਜਾਂਦਾ ਪਰ ਧਰਮੀ ਦੀ ਘੁਰਕੀ ਨੇ ਉਸ ਨੂੰ ਚੁੱਪ ਕਰਾ ਦਿੱਤਾ ਸੀ।

''ਬੱਚਿਆਂ ਦੇ ਭੁੱਖੇ ਪੇਟਾਂ ਵਿੱਚ ਭਾਸ਼ਨ ਪਾ ਦੇ, ਜਾ ਫਿਰ ਉਨ੍ਹਾਂ ਨੂੰ ਨਾਹਰੇ ਖਵਾਦੇ, ਤੂੰ ਵੀ ਅੱਜ ਰੈਲੀਆਂ ਖਾਕੇ ਸੌਂ ਜਾਵੀਂ।''

ਉਹ ਉੱਠ ਕੇ ਬਾਹਰ ਵੱਲ ਟੁਰ ਪਿਆ। ''ਅੱਜ ਤਾਂ ਕੁਝ ਕਰਨਾ ਹੀ ਪਊ।'' ਉਹ ਸੋਚਦਾ ਜਾ ਰਿਹਾ ਸੀ।

# ਦਿਹਾੜੀ

ਕਰਮੂ ਦੂਰ ਦੁਰਾਡੇ ਪਿੰਡ ਦਾ ਅੱਤ ਗਰੀਬ ਦਿਹਾੜੀਦਾਰ ਮਜ਼ਦੂਰ ਸੀ। ਜ਼ਿੰਦਗੀ ਦੀ ਹਰ ਲੋੜ ਸਮੇਂ ਉਸ ਦਾ ਹੱਥ ਤੰਗ ਹੀ ਰਹਿੰਦਾ ਸੀ। ਉਹ ਚੋਣਾ ਨੂੰ ਰੱਬੀ ਵਰਦਾਨ ਸਮਝਦਾ ਸੀ ਕਿਉਂਕਿ ਹਰ ਚੋਣ ਵਿੱਚ ਉਸ ਨੂੰ ਵੋਟ ਦਾ ਕੁਝ ਨਾ ਕੁਝ ਜ਼ਰੂਰ ਮਿਲ ਜਾਂਦਾ ਸੀ। ਉਹ ਮਿਲੀ ਰਕਮ ਨਾਲ ਆਪਣੀ ਕਿਸੇ ਅੱਤ ਜ਼ਰੂਰੀ ਗ਼ਰਜ ਨੂੰ ਪੂਰਾ ਕਰ ਲੈਂਦਾ ਸੀ।

ਵੱਡੀਆਂ ਚੋਣਾਂ ਵਿੱਚ ਉਨ੍ਹਾਂ ਦੇ ਮੁਹੱਲੇ ਦੀਆਂ ਵੋਟਾਂ ਦੀ ਗਿਣਤੀ ਕਰਕੇ ਰਕਮ ਪਹਿਲਾਂ ਹੀ ਪਹੁੰਚਾ ਦਿੱਤੀ ਜਾਂਦੀ ਸੀ ਤਾਂ ਜੋ ਵੋਟਾਂ ਪਾਉਣ ਵਾਲੇ ਦਿਨ ਕਿਸੇ ਨੂੰ ਕੋਈ ਸ਼ੱਕ ਨਾ ਹੋਵੇ। ਪੰਚਾਇਤਾਂ ਦੀਆਂ ਚੋਣਾਂ ਵਿੱਚ ਵੋਟ ਵਾਪਸ ਲਿਆ ਕੇ ਦਿੱਤੀ ਜਾਂਦੀ ਸੀ। ਇੱਕ ਹੱਥ ਵਿਚੋਂ ਵੋਟ ਫੜਕੇ ਦੂਜੇ ਹੱਥ ਵਿੱਚ ਨੋਟ ਫੜਾ ਦਿੱਤੇ ਜਾਂਦੇ ਸਨ। ਇਹ ਨੋਟ ਵੱਡੀਆਂ ਚੋਣਾਂ ਨਾਲੋਂ ਦੁਗਣੇ ਜਾਂ ਕਦੇ ਤਿੱਗਣੇ ਹੁੰਦੇ ਸਨ।

ਇਸ ਵਾਰ ਵੋਟਾਂ ਦਾ ਕੋਈ ਗਾਹਕ ਹੀ ਨਜ਼ਰ ਨਹੀਂ ਆ ਰਿਹਾ ਸੀ। ਵੋਟਾਂ ਪੈਣੀਆਂ ਅਰੰਭ ਹੋ ਗਈਆਂ ਸਨ। ਕਰਮੂ ਇਹ ਸੋਚ ਕੇ ਕਿ ਹੋ ਸਕਦਾ ਏ ਇਸ ਵਾਰ ਵੋਟਾਂ ਖਰੀਦਣ ਵਾਲੇ ਵੋਟਾਂ ਪੈਣ ਵਾਲੇ ਸਕੂਲ ਵਿੱਚ ਹੀ ਬੈਠੇ ਹੋਣ, ਉਹ ਵੋਟ ਪਾਉਣ ਲਈ ਚੱਲ ਪਿਆ।

ਸਕੂਲ ਪਹੁੰਚ ਕੇ ਵੀ ਉਸ ਦੇ ਕੁੱਝ ਹੱਥ ਪੱਲੇ ਨਾ ਪਿਆ। ਉਹ ਵੋਟ ਪਾਕੇ ਘਰ ਨੂੰ ਜਾਂਦਾ ਸੋਚਦਾ ਜਾ ਰਿਹਾ ਸੀ

''ਅੱਜ ਦੀ ਦਿਹਾੜੀ ਸਿਰ ਪਈ, ਵੋਟ ਝੂੰਗੇ ਵਿੱਚ ਗਈ।''

# ਬੱਜਟ

ਨਵੀਂ ਸਦੀ ਦਾ ਪਹਿਲਾ ਬੱਜਟ ਪੇਸ਼ ਹੋ ਚੁੱਕਿਆ ਸੀ। ਹਰ ਪਾਰਟੀ ਆਪਣੀ ਸੋਚ ਅਨੁਸਾਰ ਇਸ ਨੂੰ ਚੰਗਾ ਜਾ ਮਾੜਾ ਕਹਿ ਰਹੀ ਸੀ। ਵੱਡੇ ਅਮੀਰ ਇਸ ਨੂੰ ਗਰੀਬ-ਪੱਖੀ ਅਤੇ ਵਪਾਰ-ਵਿਰੋਧੀ ਦਸ ਰਹੇ ਸਨ। ਗਰੀਬਾ ਨੂੰ ਪਹਿਲਾਂ ਵੀ ਬੱਜਟ ਵਿਚੋਂ ਕਦੇ ਕੁਝ ਨਹੀਂ ਮਿਲਿਆ ਕਰਦਾ ਸੀ ਅਤੇ ਉਨਾਂ ਨੂੰ ਇਸ ਤੋਂ ਵੀ ਕੋਈ ਵਧੇਰੇ ਆਸ ਨਹੀਂ ਸੀ। ਉਹ ਤਾਂ ਆਪਣੀ ਆਦਤ ਅਨੁਸਾਰ ਚੁੱਪ ਅਤੇ ਸੰਤੁਸ਼ਟ ਸਨ।

ਦੂਰਦਰਸ਼ਨ ਦੀ ਕੈਮਰਾ ਟੀਮ ਲੋਕਾਂ ਦੇ ਪ੍ਰਤੀਕਰਮ ਜਾਣਨ ਲਈ ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਗੱਲਬਾਤ ਰਿਕਾਰਡ ਕਰ ਰਹੀ ਸੀ। ਉਨ੍ਹਾਂ ਇਕ ਮੰਗਤੇ ਤੋਂ ਪੁੱਛਿਆ,‘‘ਅੱਜ ਪੇਸ਼ ਹੋਏ ਬੱਜਟ ਬਾਰੇ ਆਪਦੇ ਕੀ ਵਿਚਾਰ ਹਨ?’’ ਉਸ ਨੇ ਆਪਣੀ ਜੇਬ ਵਿੱਚ ਹੱਥ ਮਾਰਕੇ ਆਪਣਾ ਇੱਕ ਰੁਪਏ ਦਾ ਸਿੱਕਾ ਬਾਹਰ ਕੱਢਿਆ ਉਸ ਨੂੰ ਚੰਗੀ ਤਰ੍ਹਾਂ ਵੇਖਕੇ, ਮੁੜ ਜੇਬ ਵਿੱਚ ਪਾ ਕੇ ਬੋਲਿਆ, ‘‘ਬੱਜਟ ਠੀਕ ਹੀ ਹੋਵੇਗਾ, ਤਦੇ ਹੀ ਮੇਰਾ ਆਪਣਾ ਰੁਪਿਆ, ਹਾਲੀ ਤੱਕ ਮੇਰੀ ਆਪਣੀ ਜੇਬ ਵਿੱਚ ਹੀ ਹੈ।’’

# ਘੁੱਗੀ

ਹਰੀਜਨਾਂ ਦੇ ਮੀਤੇ ਨੂੰ ਜਦ ਦਸਵੀਂ ਪਾਸ ਕਰਕੇ ਕੋਈ ਨੌਕਰੀ ਨਾ ਮਿਲੀ ਤਾਂ ਉਸ ਨੇ ਆਪਣੇ ਪਿੰਡ ਦੇ ਬਾਹਰ ਪੱਕੀ ਸੜਕ ਉਤੇ ਸਾਈਕਲ ਮੁਰੰਮਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਇਸ ਕੰਮ ਵਿੱਚ ਆਮਦਨ ਬਹੁਤ ਘੱਟ ਹੁੰਦੀ ਸੀ। ਕਈ ਵਾਰੀ ਤਾਂ ਸਾਰਾ ਦਿਨ ਖਾਲੀ ਹੀ ਲੰਘ ਜਾਂਦਾ ਸੀ।

ਆਮਦਨ ਵਧਾਉਣ ਲਈ ਉਸ ਨੇ ਕਈ ਪੁੱਠੇ ਸਿੱਧ ਹੱਥ ਕੰਡੇ ਵਰਤਣੇ ਅਰੰਭ ਦਿੱਤੇ ਸਨ। ਉਹ ਪੈਂਚਰ ਲਾਉਂਦਾ ਇਕ, ਦੋ ਪੈਂਚਰ ਆਪ ਹੀ ਕਰ ਦਿੰਦਾ ਸੀ ਅਤੇ ਕੰਮ ਦਿੰਦੇ ਪੁਰਜਿਆਂ ਨੂੰ ਘਸੇ ਕਹਿਕੇ ਬੇਲੋੜੇ ਹੀ ਬਦਲ ਦਿੰਦਾ ਸੀ। ਉਹ ਆਪਣੀ ਦੁਕਾਨ ਤੋਂ ਕੁਝ ਦੂਰ ਪੱਕੀ ਸੜਕ ਉੱਤੇ ਤਿੱਖੇ ਮੂੰਹ ਵਾਲੇ ਕਿੱਲ, ਮੇਖਾਂ ਖਿੰਡਾ ਦਿੰਦਾ ਸੀ ਤਾਂ ਜੋ ਆਉਣ, ਜਾਣ ਵਾਲਿਆਂ ਦੇ ਸਾਈਕਲ ਪੈਂਚਰ ਹੁੰਦੇ ਰਹਿਣ। ਉਹ ਕਿੱਲਾਂ ਖਿੰਡਾਉਣ ਨੂੰ 'ਚੋਗਾ ਪਾਉਣਾ' ਅਤੇ ਕਿਸੇ ਦੇ ਪੈਂਚਰ ਹੋਏ ਨੂੰ 'ਫਸ ਗਈ ਮੁਰਗੀ' ਕਹਿਕੇ ਖੁਸ਼ੀ ਮਨਾਇਆ ਕਰਦਾ ਸੀ।

ਪੈਂਚਰ ਹੋਇਆ ਸਾਈਕਲ ਫੜੀ ਆਉਂਦੀ ਕੁੜੀ ਜਦ ਉਸ ਦੇ ਬਹੁਤ ਨੇੜੇ ਆ ਗਈ ਤਾ ਉਸ ਨੇ ਪਹਿਚਾਣਿਆ ਕਿ ਇਹ ਤਾਂ ਪਿੰਡ ਦੇ ਗਰੀਬ ਨਾਈਆਂ ਦੀ ਬਹੁਤ ਹੀ ਹੁਸ਼ਿਆਰ ਕੁੜੀ ਪ੍ਰੀਤੀ ਏ ਜੋ ਸ਼ਹਿਰ ਆਈ.ਟੀ.ਆਈ. ਵਿੱਚ ਪੜ੍ਹਦੀ ਏ।

ਉਸ ਨੇ ਆਪਣੇ ਮੱਥੇ ਉੱਤੇ ਹੱਥ ਮਾਰ ਕੇ ਆਪਣੇ ਕੀਤੇ ਉਤੇ ਪਸ਼ਤਾਵਾ ਪ੍ਰਗਟ ਕੀਤਾ, 'ਮੁਰਗੀ ਦੀ ਥਾਂ ਅੱਜ ਤਾਂ ਵਿਚਾਰੀ ਘੁੱਗੀ ਹੀ ਮਾਰੀ ਗਈ।'

# ਵੱਡੇ ਸਬਰ

''ਤਾਈ ਘੁੱਲੇ ਲਈ ਰਿਸਤੇ ਵਾਲੇ ਆਏ ਨੇ।''

ਹਰੀਜਨਾਂ ਦੀ ਸੁੱਖੀ ਨੇ ਤਾਈ ਦੇ ਘਰ ਵੜਦਿਆਂ ਹੀ ਸ਼ੁਭ-ਸੁਨੇਹਾ ਦਿੱਤਾ।

''ਸ਼ੁਕਰ ਏ ਵਾਗੁਰੂ ਦਾ।'' ਤਾਈ ਨੇ ਧਰਤੀ ਨਿਮਸ਼ਕਾਰੀ।

''ਪਰ ਤਾਈ ਸਾਡੇ ਤਾਂ ਰੋਟੀ ਪਕਾਉਣ ਲਈ ਆਟਾ ਨੀ।'' ਸੁੱਖੀ ਨੇ ਢਿੱਲਾ ਜਿਹਾ ਮੂੰਹ ਕਰਕੇ ਆਪਣੇ ਆਉਣ ਦਾ ਅਸਲ ਕਾਰਨ ਦੱਸਿਆ।

''ਕੋਈ ਨੀ ਸੁੱਖ ਨਾਲ ਸਾਡੇ ਇੱਕ ਡੰਗ ਦਾ ਪਿਐ, ਲੈ ਜਾ।''

ਤਾਈ ਅੰਦਰੋਂ ਬਾਹਰੋਂ ਖੁਸ਼ ਸੀ।

ਸ਼ਾਮ ਨੂੰ ਜਦ ਤਾਈ ਆਪਣੀ ਦੂਜੀ ਦਰਾਣੀ ਦੇ ਘਰੋਂ ਆਟਾ ਲੈਣ ਗਈ ਤਾਂ ਉਸਨੇ ਡੱਬਾ ਕੁਝ ਊਣਾ ਜਿਹਾ ਕਰਕੇ ਦੇ ਦਿੱਤਾ। ਜਦ ਉਸ ਨੇ ਡੱਬਾ ਭਰ ਦੇਣ ਲਈ ਕਿਹਾ ਤਾਂ ਉਸ ਨੇ ਦੱਸਿਆ ਕਿ ਬਸ ਇਨਾ ਹੀ ਆਟਾ ਸੀ। ਉਨ੍ਹਾਂ ਦਾ ਡੰਗ ਤਾਂ ਪੂਰਾ ਹੋ ਹੀ ਜਾਵੇਗਾ ਅਤੇ ਉਹ ਆਪ ਖਿਚੜੀ ਧਰ ਲੈਣਗੇ।

ਤਾਈ ਚੁੱਲ੍ਹੇ ਮੂਹਰੇ ਬੈਠੀ ਸੋਚ ਰਹੀ ਸੀ 'ਜੇ ਸਾਰੇ ਘਰਾਂ ਦਾ ਅੱਜ ਇਹ ਹਾਲ ਏ ਤਾਂ ਕੱਲ ਨੂੰ ਕੀ ਹੋਵੇਗਾ। ਅੱਜ ਦਾ ਡੰਗ ਤਾਂ ਕੱਢੀਏ, ਕਲ੍ਹ ਨੂੰ ਕੱਲ੍ਹ ਨਾਲ ਵੇਖੀ ਜਾਵੇ ਗੀ।' ਉਸ ਨੇ ਆਟੇ ਵਿੱਚ ਪਾਣੀ ਪਾ ਦਿੱਤਾ।

ਛੋਟੇ ਲੋਕ, ਵੱਡੇ ਸਬਰ!

# ਵੋਟ ਸੰਧਾਰਾ

ਰੁਲਦੂ ਨਾਈ ਅਸਲ ਰਾਜਾ ਹੀ ਤਾਂ ਬਣ ਜਾਂਦਾ ਸੀ ਜਦ ਚੋਣ ਦਫਤਰ ਵਿੱਚ ਖਾਣ, ਪੀਣ ਦੀਆਂ ਸਾਰੀਆਂ ਚੀਜਾਂ ਦਾ ਪ੍ਰਬੰਧਕ ਉਹ ਆਪ ਹੁੰਦਾ ਸੀ। ਮੂੰਹ ਹਨੇਰੇ ਦੀ ਚਾਹ ਤੋਂ ਲੈ ਕੇ ਰਾਤ ਦੇ ਆਖਰੀ ਪੈੱਗ ਤੱਕ ਦਾ ਉਹੀ ਜੁਮੇਵਾਰ ਹੁੰਦਾ ਸੀ।

ਦੋਵਾਂ ਵੇਲਿਆਂ ਦੀ ਰੋਟੀ ਸਮੇਂ ਉਸ ਦੀ ਵਿਸ਼ੇਸ਼ ਚੌਧਰ ਹੁੰਦੀ ਸੀ। ਹਰ ਬੰਦੇ ਨੂੰ ਸਿਆਸੀ ਯੋਗਤਾ ਅਨੁਸਾਰ ਖਾਣਾ ਦਿੱਤਾ ਜਾਂਦਾ ਸੀ। ਪਹਿਲੀ ਕਿਸਮ ਦਾ ਖਾਣਾ ਹਰ ਇੱਕ ਨੂੰ ਮਿਲ ਜਾਂਦਾ ਸੀ, ਦੂਜੀ ਕਿਸਮ ਦਾ ਚੋਣ ਵਰਕਰਾਂ ਲਈ ਅਤੇ ਤੀਜੀ ਕਿਸਮ ਦਾ ਸਿਆਸੀ ਲੀਡਰਾਂ ਲਈ ਰਾਖਵਾਂ ਹੁੰਦਾ ਸੀ। ਰੁਲਦੂ ਅੱਖ ਬਚਾਕੇ ਕਈ ਵਾਰੀ ਆਪਣੇ ਪਰਿਵਾਰ ਅਤੇ ਨਜਦੀਕੀ ਬੰਦਿਆਂ ਲਈ ਕਿਸਮ ਨੂੰ ਉਪਰ, ਹੇਠ ਵੀ ਕਰ ਦਿੰਦਾ ਸੀ।

ਵੋਟਾਂ ਪੈਣ ਪਿੱਛੋਂ ਚੋਖਾ ਸੇਵਾ ਫਲ ਉਸ ਨੂੰ ਨਕਦੀ ਦੇ ਰੂਪ ਵਿੱਚ ਮਿਲ ਜਾਂਦਾ ਸੀ। ਆਪਣੀ ਪਿਆਰੀ ਧੀ ਦੇ ਭੁੱਖੇ ਸੌਹਰਿਆਂ ਦੇ ਘਰ ਸੰਧਾਰਾ ਭੇਜਣ ਲਈ ਉਹ ਤਿਆਰੀਆਂ ਆਰੰਭ ਦਿੰਦਾ ਸੀ। ਕੁਝ ਸਾਲਾਂ ਤੋਂ ਉਸ ਦੀ ਧੀ ਬਹੁਤ ਖੁਸ਼ ਸੀ ਕਿਉਂਕਿ ਪਹਿਲਾਂ ਸੰਧਾਰਾ ਉਸ ਨੂੰ ਪੰਜ ਸਾਲ ਪਿੱਛੋਂ ਮਿਲਦਾ ਸੀ, ਹੁਣ ਤਾਂ ਸਾਲ ਵੀ ਨਹੀਂ ਪੈਂਦਾ ਵੋਟਾਂ ਆ ਜਾਂਦੀਆਂ ਅਤੇ ਨਾਲ ਹੀ ਉਸਦਾ ਵੋਟ-ਸੰਧਾਰਾ।

# ਸੁਹਾਗ ਜੋੜੀ

ਸਾਰੇ ਫਿਕਰ ਖਤਮ ਹੋ ਗਏ ਸਨ। ਸਾਰੀਆਂ ਅੜਚਣਾ ਦੂਰ ਹੋ ਜਾਣ ਉੱਤੇ ਰਾਹ ਸਾਫ ਹੋ ਗਿਆ ਸੀ। ਇਸ ਨਾਲੋਂ ਹੋਰ ਚੰਗਾ ਅਤੇ ਭਰੋਸੇਯੋਗ ਢੰਗ ਘੜਿਆ ਵੀ ਨਹੀਂ ਜਾ ਸਕਦਾ ਸੀ। ਗੁਰਪ੍ਰੀਤ ਸਿੰਘ ਦਾ ਕਨੇਡਾ ਪਹੁੰਚ ਜਾਣਾ ਹੁਣ ਦਿਨਾਂ ਦੀ ਗੱਲ ਹੀ ਰਹਿ ਗਿਆ ਸੀ। ਤਿਆਰੀਆਂ ਤਾਂ ਬਹੁਤ ਪਹਿਲਾਂ ਹੀ ਆਰੰਭ ਹੋ ਗਈਆਂ ਸਨ ਹੁਣ ਤਾਂ ਉਨ੍ਹਾਂ ਨੂੰ ਅੰਤਮ ਛੋਹਾਂ ਲਾਉਣੀਆਂ ਹੀ ਬਾਕੀ ਸਨ।

ਆਖਰ ਭਰਾ ਹੀ ਭਰਾਵਾਂ ਦੀ ਬਾਂਹ ਫੜਦੇ ਹਨ ਅਤੇ ਭੈਣਾਂ ਹੀ ਵੀਰਾਂ ਦੀਆਂ ਖੁਸ਼ੀਆਂ ਵਿੱਚ ਸਹਾਈ ਸਿੱਧ ਹੁੰਦੀਆਂ ਹਨ। ਗੁਰਮੇਲ ਕੌਰ ਅਤੇ ਗੁਰਪ੍ਰੀਤ ਸਿੰਘ ਇੱਕ ਹੀ ਪੇਟੋਂ ਤਾਂ ਜਾਏ ਸਨ। ਗੁਰਮੇਲੋ ਨੂੰ ਛੋਟੇ ਹੁੰਦਿਆਂ ਹੀ ਉਸਦੇ ਕੈਨੇਡਾ ਰਹਿੰਦੇ ਤਾਇਆ ਜੀ ਨੇ ਗੋਦ ਲੈ ਲਿਆ ਸੀ। ਉਹ ਕਨੇਡਾ ਹੀ ਜਵਾਨ ਹੋਈ ਸੀ ਅਤੇ ਉਸ ਨੇ ਉਥੇ ਹੀ ਸ਼ਾਦੀ ਕਰਵਾ ਲਈ ਸੀ। ਆਪਣੇ ਸਕੇ ਵੀਰ ਨੂੰ ਕਨੇਡਾ ਸੱਦਣ ਲਈ ਉਸ ਨੇ ਆਪਣੇ ਪਤੀ ਨੂੰ ਕਾਗਜ਼ੀ ਤਲਾਕ ਦੇ ਦਿੱਤਾ ਸੀ ਅਤੇ ਭਰਾ ਨਾਲ ਕਾਗਜ਼ਾਂ ਵਿੱਚ ਵਿਆਹ ਕਰਕੇ ਉਸ ਨੂੰ ਕਨੇਡਾ ਲੈ ਜਾਣ ਦੀ ਸਕੀਮ ਬਣਾ ਲਈ ਸੀ।

ਵੀਜ਼ਾ ਮਿਲਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਹੋ ਚੁੱਕੀਆਂ ਸਨ। ਉਹ ਕਦੇ ਵੀ ਉਨ੍ਹਾਂ ਦੇ ਹੱਥ ਆ ਸਕਦਾ ਸੀ। ਇੱਕ ਟੈਕਨੀਕਲ ਇਤਰਾਜ਼ ਦੀ ਘੋਖ ਹੋ ਰਹੀ ਸੀ। ਦੋਵਾਂ ਦੇ ਨਾਮਾਂ ਪਿੱਛੇ ਇੱਕ ਹੀ ਗੋਤ ਲਿਖਿਆ ਹੋਇਆ ਸੀ। ਪੜਤਾਲ ਦੀ ਰਿਪੋਰਟ ਪੁੱਜਦਿਆਂ ਹੀ ਭੈਣ ਭਰਾ ਦੀ ਸੁਹਾਗ ਜੋੜੀ ਕਨੇਡਾ ਜਾਣ ਦੀ ਥਾਂ ਜ਼ੇਲ ਦੀਆਂ ਸੀਖਾਂ ਅੰਦਰ ਪੁੱਜ ਗਈ ਸੀ।

ishar02

# ਦੇਸ਼ ਨਿਕਾਲਾ

ਪੱਕੀ ਉਮਰ ਦਾ ਦੁਹਾਜੂ ਮੁੰਡਾ ਕਨੇਡਾ ਤੋਂ ਪਿੰਡ ਪਹੁੰਚਿਆ ਹੀ ਸੀ ਕਿ ਕੁੜੀਆਂ ਵਾਲਿਆਂ ਦੇ ਟੈਲੀਫੋਨਾਂ ਦੀ ਭਰਮਾਰ ਲੱਗ ਗਈ ਸੀ। ਦੂਜੇ ਦਿਨ ਕਾਰਾਂ ਘਰ ਪੁੱਜਣੀਆਂ ਆਰੰਭ ਹੋ ਗਈਆਂ ਸਨ। ਹਰ ਆਉਣ ਵਾਲਾ ਆਪਣੀ ਕੁੜੀ ਨੂੰ ਕੈਨੇਡਾ ਭੇਜਣ ਲਈ ਉਤਾਵਲਾ ਸੀ। ਲੋਕਾਂ ਦੀ ਕਾਹਲ ਵੇਖ ਕੇ ਮੁੰਡੇ ਵਾਲੇ ਹੋਰ ਮਹਿੰਗੇ ਹੋ ਗਏ ਸਨ।

ਵੀਹ ਲੱਖ ਦੀ ਮੰਗ ਸੁਣਕੇ ਕਾਰਾਂ ਤਾਂ ਕੁਝ ਘੱਟ ਗਈਆਂ ਸਨ ਪਰ ਸਿਫਾਰਸ਼ਾਂ ਦਾ ਆਉਣਾ ਹਾਲੀ ਵੀ ਉਸੇ ਤਰ੍ਹਾਂ ਜਾਰੀ ਸੀ। ਸਾਰਾ ਦਿਨ ਚਾਹਾਂ ਚੱਲਦੀਆਂ, ਜੋੜ ਤੋੜ ਹੁੰਦੇ ਪਰ ਗੱਲ ਕਿਸੇ ਸਿਰੇ ਨਹੀਂ ਲੱਗਦੀ ਸੀ।

ਮੁੰਡੇ ਦੇ ਭਣੋਈਏ ਦੀ ਸਿਫਾਰਸ਼ ਨਾਲ ਕਿਸੇ ਦੂਰ ਦੇ ਪਿੰਡੋਂ ਕਈ ਮੁੰਡਿਆਂ ਵਾਲੇ ਇੱਕ ਸਰਦਾਰ ਪਰਿਵਾਰ ਨੇ ਆਪਣਾ ਜ਼ੋਰ ਵਧਾ ਲਿਆ ਸੀ। ਪੰਦਰਾਂ ਲੱਖ ਉੱਤੇ ਗੱਲ ਪੱਕੀ ਹੋ ਗਈ ਸੀ। ਬਾਕੀ ਸਾਰੇ ਖਰਚੇ ਕੁੜੀ ਵਾਲਿਆਂ ਨੇ ਵੱਖਰੇ ਕਰਨੇ ਸਨ।

ਵਿਆਹ ਦੀ ਰਸਮ ਕਿਸੇ ਵੱਡੇ ਸ਼ਹਿਰ ਪੂਰੀ ਕਰਕੇ ਜਾਣਦੀਆਂ ਦੂਜੀਆਂ ਸ਼ਰਤਾਂ ਨੂੰ ਮੁਕੰਮਲ ਕਰਨ ਲਈ ਬਹੁਤ ਕਾਹਲ ਕੀਤੀ ਜਾ ਰਹੀ ਸੀ। ਵੀਜ਼ਾ ਪੁਜਦਿਆਂ ਹੀ ਕੁੜੀ ਨੂੰ ਜਹਾਜ਼ ਚੜ੍ਹਾ ਦਿੱਤਾ ਸੀ।

ਗ਼ਰਜ਼ਾਂ ਨੇ ਇੱਕ ਹੋਰ 'ਦੇਸ਼ ਨਿਕਾਲਾ' ਸਿਰੇ ਚਾੜ੍ਹ ਦਿੱਤਾ ਸੀ।

# ਕਬਾਬ ਦੀ ਹੱਡੀ

ਕਿਉਂ, ਵੇਖਿਆ ਲਿਹਾਜ ਦਾ ਕੰਮ, ਕਈ ਵਾਰੀ ਲਿਹਾਜੀ ਹੀ ਫਸੇ ਗੱਡਿਆਂ ਨੂੰ ਪਾਰ ਲੰਘਾਂਦੇ ਨੇ। ਹਰਪ੍ਰੀਤ ਦੇ ਪਿਤਾ ਨੇ ਆਪਣੀ ਕਾਮਯਾਬੀ ਉੱਤੇ ਖੁਸ਼ੀ ਵਿੱਚ ਸੇਖੀ ਮਾਰੀ।

ਹਰਪ੍ਰੀਤ ਹਰ ਹਾਲਤ ਵਿੱਚ ਕਨੇਡਾ ਜਾਣਾ ਚਾਹੁੰਦਾ ਸੀ। ਚਾਹੇ ਉਸ ਨੂੰ ਕੋਈ ਨਜਾਇਜ ਢੰਗ ਹੀ ਕਿਉਂ ਨਾ ਅਪਣਾਉਣਾ ਪਵੇ। ਆਮ ਏਜੰਟ ਪੰਜ ਲੱਖ ਤੋਂ ਹੇਠਾਂ ਗੱਲ ਨਹੀਂ ਕਰਦੇ ਸਨ ਪਰ ਹਰਪ੍ਰੀਤ ਦੇ ਪਿਤਾ ਨੇ ਇੱਕ ਲਿਹਾਜੀ ਏਜੰਟ ਨਾਲ ਇੱਕ ਲੱਖ ਨਕਦ ਅਤੇ ਬਾਕੀ ਸਾਰੇ ਖਰਚਿਆਂ ਨਾਲ ਸੌਦਾ ਪੱਕਾ ਕਰ ਲਿਆ ਸੀ। ਪਾਸਪੋਰਟ ਤਾਂ ਜਲਦੀ ਹੀ ਬਣ ਕੇ ਆ ਗਿਆ ਸੀ, ਪਰ ਵੀਜਾ ਲੱਗਦੇ ਨੂੰ ਕੁਝ ਦੇਰ ਹੋ ਗਈ ਸੀ। ਹੁਣ ਸਭ ਅੜਚਣਾ ਦੂਰ ਹੋ ਗਈਆਂ ਸਨ। ਜਹਾਜ ਚੜ੍ਹਨ ਦੀ ਬਸ ਤਾਰੀਖ ਨਿਯਤ ਹੋਣੀ ਬਾਕੀ ਰਹਿ ਗਈ ਸੀ। ਏਜੰਟ ਦਾ ਧੰਨਵਾਦ ਕਰਕੇ ਪਿਉ, ਪੁੱਤਰ ਖੁਸ਼ੀ ਵਿੱਚ ਝੂਮਦੇ ਘਰ ਨੂੰ ਜਾ ਰਹੇ ਸਨ।

ਹਰਪ੍ਰੀਤ ਨੂੰ ਜਹਾਜ ਚੜ੍ਹਾਕੇ ਸਾਰਾ ਪਰਿਵਾਰ ਪਿੰਡ ਪਹੁੰਚ ਚੁੱਕਿਆ ਸੀ। ਪੁੱਤਰ ਦੇ ਕਨੇਡਾ ਜਾਣ ਦੀ ਖੁਸ਼ੀ ਵਿੱਚ ਇੱਕ ਵੱਡੀ ਪਾਰਟੀ ਦਿੱਤੀ ਜਾ ਰਹੀ ਸੀ। ਨਜਦੀਕੀ ਰਿਸਤੇਦਾਰਾਂ ਨਾਲ ਦੋਸਤ ਮਿੱਤਰ ਵੀ ਭੰਗੜੇ ਨਾਲ ਬੱਕਰੇ ਬੁਲਾ ਰਹੇ ਸਨ। ਟੈਲੀਫੋਨ ਦੀ ਲੰਮੀ ਘੰਟੀ ਵਜਦਿਆਂ ਹੀ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ ਸਨ। ਕਨੇਡਾ ਤੋਂ ਕੋਈ ਰਿਸਤੇਦਾਰ ਬੋਲ ਰਿਹਾ ਸੀ। ਉਸ ਦੱਸਿਆ ਕਿ ਹਰਪ੍ਰੀਤ ਦਾ ਵੀਜਾ ਜਾਹਲੀ ਸੀ, ਉਹ ਜਹਾਜ ਵਿੱਚੋਂ ਉਤਰਦਾ ਹੀ ਫੜਿਆ ਗਿਆ ਏ।

ਇਹ ਮਨਹੂਸ ਕਾਲ ਤਾਂ ਰੋਟੀ ਖਾਂਦੇ ਮਹਿਮਾਨਾਂ ਦੇ ਕਬਾਬ ਦੀ ਹੱਡੀ ਬਣ ਕੇ ਗਲਿਆਂ ਵਿੱਚ ਅੜ ਗਈ ਸੀ।

# ਘਰ-ਜਵਾਈ

ਕਨੇਡਾ ਦੇ ਵੈਨਕੂਵਰ ਹਵਾਈ ਅੱਡੇ ਉੱਤੇ ਉੱਤਰਦਿਆਂ ਹੀ ਪ੍ਰਿਤਪਾਲ ਸਿੰਘ ਨੇ ਆਪਣਾ ਸਮਾਨ ਲਿਆ ਅਤੇ ਦੂਜੀਆਂ ਸਵਾਰੀਆਂ ਦੇ ਮਗਰ ਲੱਗ ਬਾਹਰ ਵੱਲ ਜਾਣ ਲਈ ਚੱਲ ਪਿਆ। ਅੱਡੇ ਤੋਂ ਬਾਹਰ ਨਿਕਲਦੇ ਨੂੰ ਹੀ ਇੱਕ ਅੱਤ ਸੋਹਣੀ ਕੁੜੀ ਨੇ ਉਸ ਦਾ ਨਾਮ ਲੈਕੇ ਸਤਿ ਸ਼੍ਰੀ ਅਕਾਲ ਬੁਲਾਈ ਅਤੇ ਆਪਣੀ ਜਾਣ ਪਹਿਚਾਣ ਕਰਾਉਂਦਿਆਂ ਦੱਸਿਆ ਕਿ ਉਹ ਕੁਲਦੀਪ ਏ ਉਸ ਦੀ ਭਰਜਾਈ ਦੀ ਛੋਟੀ ਭੈਣ।

ਕੁਲਦੀਪ ਨੂੰ ਇਕੱਲਿਆਂ ਹੀ ਅੱਡੇ ਉਤੇ ਆਈ ਤੱਕ ਕੇ ਪ੍ਰਿਤਪਾਲ ਦਾ ਮੱਥਾ ਠਣਕਿਆ। ਇਹ ਸੋਚਕੇ ਕਿ ਹੋ ਸਕਦਾ ਏ ਪਰਿਵਾਰ ਦਾ ਕੋਈ ਹੋਰ ਮੈਂਬਰ ਵਿਹਲਾ ਨਾ ਹੋਵੇ ਅਤੇ ਉਸ ਦੀ ਸੁਵਿਧਾ ਲਈ ਇਸ ਨੂੰ ਭੇਜ ਦਿੱਤਾ ਹੋਵੇ। ਉਹ ਕਾਰ ਵਿੱਚ ਬੈਠੇ ਸਧਾਰਨ ਗੱਲਾਂ ਕਰਦੇ ਘਰ ਪਹੁੰਚ ਗਏ ਸਨ।

ਘਰ ਵਿੱਚ ਸਾਰਾ ਪਰਿਵਾਰ ਉਸ ਦੀ ਉਡੀਕ ਕਰ ਰਿਹਾ ਸੀ ਅਤੇ ਪਰਿਵਾਰ ਦਾ ਹਰ ਮੈਂਬਰ ਲੋੜ ਤੋਂ ਵੱਧ ਉਸ ਦਾ ਸਤਿਕਾਰ ਕਰ ਰਿਹਾ ਸੀ। ਚਾਹ ਪੀਣ ਸਮੇਂ ਕੁਲਦੀਪ ਉਸ ਦੇ ਨਾਲ ਬੈਠੀ ਸੀ। ਸੰਕੇਤ ਮਿਲਣੇ ਅਰੰਭ ਹੋ ਗਏ ਸਨ ਕਿ ਜੋੜੀ ਸੋਹਣੀ ਫੱਬਦੀ ਹੈ। ਉਸ ਦੀ ਸਮਝ ਵਿੱਚ ਹੁਣ ਸਭ ਕੁਝ ਸਾਫ ਹੋਣ ਲੱਗ ਗਿਆ ਸੀ ਕਿ ਟਿਕਟ ਭੇਜ ਕੇ ਉਸ ਨੂੰ ਕਿਉਂ ਸੈਰ ਕਰਨ ਲਈ ਕਨੇਡਾ ਸੱਦਿਆ ਗਿਆ ਸੀ। ਉਸ ਦੀ ਭਰਜਾਈ ਉਸ ਨਾਲ ਮਿੱਠੀਆਂ ਅਤੇ ਗੁੱਝੀਆਂ ਜਿਹੀਆਂ ਗੱਲਾਂ ਕਿਉਂ ਕਰ ਰਹੀ ਸੀ। ਉਸ ਦਾ ਭਰਾ ਵੀ ਕਨੇਡਾ ਨੂੰ ਕਿਉਂ ਬੜਾ ਸੋਹਣਾ ਅਤੇ ਪਿਆਰਾ ਦੱਸ ਰਿਹਾ ਸੀ।

ਕਨੇਡਾ ਦੀ ਪਹਿਲੀ ਰਾਤ ਹੀ ਉਸ ਲਈ ਸੂਲਾਂ ਦੀ ਸੇਜ ਸੀ। ਉਸ ਨੇ ਫੈਸਲਾ ਕਰਨਾ ਸੀ ਕਿ ਉਸ ਨੇ ਜਿੰਦਗੀ ਆਪਣੀ ਜੀਣੀ ਏ ਜਾਂ ਫਿਰ ਘਰ ਜਵਾਈ ਦੀ।

# ਕਾਗਜ਼ੀ ਜੋੜੇ

ਭਰਪੂਰ ਸਿੰਘ ਕਨੇਡੀਅਨ ਅੰਦਰੋਂ, ਬਾਹਰੋਂ ਭਰਪੂਰ ਸੀ। ਉਹ ਅਤੇ ਉਸ ਦੀ ਪਤਨੀ ਜਦ ਵੀ ਕਨੇਡਾ ਤੋਂ ਪੰਜਾਬ ਗੇੜਾ ਮਾਰਦੇ ਤਾਂ ਆਪਣੀ ਜ਼ਮੀਨ ਵਿੱਚ ਪੰਜ, ਸੱਤ ਕਿੱਲਿਆਂ ਦਾ ਵਾਧਾ ਕਰ ਜਾਂਦੇ ਸਨ।

ਉਹ ਟੇਢੇ ਹੱਥਾਂ ਨਾਲ ਸਿੱਧੀ ਕਮਾਈ ਕਰਦੇ ਸਨ। ਉਨ੍ਹਾਂ ਇੱਕ ਦੂਜੇ ਤੋਂ ਕਾਗਜ਼ੀ ਤਲਾਕ ਲੈ ਲਿਆ ਸੀ। ਪਤੀ ਕੁੜੀਆਂ ਨਾਲ ਵਿਆਹ ਕਰਕੇ ਉਨ੍ਹਾਂ ਨੂੰ ਕਨੇਡਾ ਪਹੁੰਚਾਣ ਦਾ ਧੰਦਾ ਕਰਦਾ ਸੀ ਅਤੇ ਪਤਨੀ ਮੁੰਡਿਆਂ ਦੇ ਅੜੇ ਬੇੜੇ ਪਾਰ ਲਗਾਇਆ ਕਰਦੀ ਸੀ। ਇੱਕ ਗੇੜੇ ਵਿੱਚ ਦੋਵੇਂ ਪੰਦਰਾਂ, ਵੀਹ ਲੱਖ ਰੁਪਏ ਕਮਾ ਲੈਂਦੇ ਸਨ।

ਪੰਜਵੇਂ ਗੇੜੇ ਦੋ ਸੱਜ-ਵਿਆਹੇ ਜੋੜੇ ਕਨੇਡਾ ਲਈ ਜਹਾਜ਼ ਉੱਤੇ ਚੜ੍ਹੇ ਸਨ। ਸ਼ਰਾਬੀ ਹੋਇਆ ਭਰਪੂਰ ਸਿੰਘ ਆਪਣੇ ਰਾਜ ਦੀ ਗੰਢ ਪਰੀਆਂ ਵਰਗੀ ਕਨੇਡੀਅਨ ਹੋਸਟੈੱਸ ਦੇ ਕੰਨਾਂ ਵਿੱਚ ਖੋਲਣ ਦੀ ਗਲਤੀ ਕਰ ਬੈਠਾ ਸੀ।

ਵੈਨਕੂਵਰ ਦੇ ਹਵਾਈ ਅੱਡੇ ਉੱਤੇ ਜਹਾਜ਼ ਉੱਤਰਦਿਆਂ ਹੀ ਸ਼ਕਾਰੀਆਂ ਨੇ ਆਪਣੇ ਸ਼ਕਾਰਾਂ ਨੂੰ ਨਿਗਾ ਹੇਠ ਕਰ ਲਿਆ ਸੀ। ਅੱਡੇ ਤੋਂ ਬਾਹਰ ਨਿਕਲਦਿਆਂ ਹੀ ਕਾਗਜ਼ੀ-ਜੋੜਿਆਂ ਨੂੰ ਪੁਲਸ ਦੀ ਵੈਨ ਵਿੱਚ ਬੈਠਣ ਦੇ ਹੁਕਮ ਮਿਲ ਗਏ ਸਨ।

# ਸ਼ਿਕਾਰ

ਗੁੱਜਣ ਸਿੰਘ ਮਿੰਨੀ ਬੱਸ ਤੋਂ ਉੱਤਰ ਕੇ ਆਪਣੇ ਘਰ ਨੂੰ ਜਾ ਰਿਹਾ ਸੀ। ਉਸ ਨੂੰ ਦਾਨਾ ਮੰਡੀ ਵਿੱਚ ਕਈ ਖੱਜਲ ਖੁਆਰੀਆਂ ਝੱਲਣੀਆਂ ਪਈਆਂ ਸਨ ਅਤੇ ਪਿੰਡ ਦੇ ਕਈ ਘਰਾਂ ਦੇ ਦੁੱਖ ਸੁੱਖ ਵਿੱਚ ਵੀ ਸ਼ਾਮਲ ਨਹੀਂ ਹੋ ਸਕਿਆ ਸੀ। ਉਹ ਖੁਸ਼ ਸੀ ਕਿਉਂਕਿ ਉਹ ਖਾਲੀ ਹੱਥ ਨਹੀਂ ਮੁੜਿਆ ਸੀ। ਉਸ ਦਾ ਝੋਲਾ ਨੋਟਾਂ ਨਾਂਲ ਤੁੰਨਿਆ ਹੋਇਆ ਸੀ।

ਉਸ ਨੂੰ ਆਸ ਸੀ ਕਿ ਇੱਕ ਜਾਂ ਦੋ ਦਿਨਾਂ ਵਿੱਚ ਕਣਕ ਵੇਚਕੇ ਉਹ ਪਿੰਡ ਪਰਤ ਆਏਗਾ। ਦੋ ਵਾਰੀ ਕਣੀਆਂ ਪੈ ਜਾਣ ਕਰਕੇ ਉਸ ਨੂੰ ਦਸ ਦਿਨ ਲੱਗ ਗਏ ਸਨ। ਪਹਿਲੇ ਸ਼ਰਾਟੇ ਨਾਲ ਏਜੰਸੀ ਵਾਲੇ ਕਣਕ ਖਰੀਦਣ ਤੋਂ ਸਿਰ ਹੀ ਫੇਰ ਗਏ ਸਨ ਅਤੇ ਦੂਜੇ ਮੀਂਹ ਪਿੱਛੋਂ ਪੰਜ ਦਿਨ ਮੰਡੀ ਹੀ ਨਹੀਂ ਬੜੇ ਸਨ।

ਚਾਰ ਧੁੱਪਾਂ ਲੱਗੀਆਂ ਤਾਂ ਕੁਝ ਗੰਢ ਤਰੁੱਪ ਕਰਕੇ ਉਸ ਨੇ ਕਣਕ ਵੇਚ ਦਿੱਤੀ ਸੀ। ਦੂਜੇ ਦਿਨ ਰਕਮ ਮਿਲ ਜਾਣ ਦੀ ਆਸ ਉੱਤੇ ਉਸ ਨੂੰ ਸੁੱਖ ਦਾ ਸਾਹ ਆਇਆ ਸੀ।

ਜਦ ਉਹ ਘਰ ਪੁੱਜਿਆ ਤਾਂ ਸਹਿਕਾਰੀ ਬੈਂਕ ਵਾਲਿਆਂ ਨੂੰ ਬੈਠਕ ਵਿੱਚ ਵੇਖਿਆ, ਜੋ ਹੰਢੇ ਸ਼ਿਕਾਰੀ ਵਾਂਗ ਬੈਠੇ, ਆਪਣੇ ਸ਼ਿਕਾਰ ਦੀ ਉਡੀਕ ਕਰ ਰਹੇ ਸਨ।

# ਆਖਰੀ ਫੂਕ

ਮੱਘਰ ਸਿੰਘ ਆਖਰੀ ਮਿੰਨੀ ਬਸ ਤੋਂ ਉੱਤਰ ਕੇ ਸ਼ਾਮ ਦੇ ਹਨੇਰੇ ਵਿੱਚ ਆਪਣੇ ਪਿੰਡ ਵੱਲ ਜਾ ਰਿਹਾ ਸੀ। ਉਹ ਉਦਾਸ, ਟੁੱਟਿਆ ਹੋਇਆ ਅਤੇ ਬੇਵਸ ਸੀ। ਉਸ ਨੂੰ ਸਾਹਮਣੇ ਪਿੰਡ ਦੀ ਦੀਵਾਲੀ ਦੇ ਦੀਵੇ ਨਜ਼ਰ ਆਉਣ ਲੱਗ ਗਏ ਸਨ। ਕਈ ਆਤਸ਼ਬਾਜ਼ੀਆਂ ਅਸਮਾਨ ਵਿੱਚ ਉਤਾਂਹ ਚੜ੍ਹਕੇ ਉਸ ਦੀਆਂ ਬੁਝੀਆਂ ਆਸਾਂ ਵਿੱਚ ਚੰਗਿਆੜੇ ਛੱਡ ਜਾਂਦੀਆਂ ਸਨ। ਚੱਲ ਰਹੇ ਪਟਾਕੇ ਉਸ ਦੀ ਅਰਮਾਨਾ ਭਰੀ ਛਾਤੀ ਵਿੱਚ ਹਥੌੜੇ ਵਰਾ ਰਹੇ ਸਨ।

ਉਹ ਧੀਮ੍ਹੀ ਚਾਲ ਪਿੰਡ ਦੀ ਗਲੀ ਵਿੱਚੋਂ ਲੰਘ ਰਿਹਾ ਸੀ। ਪਿੰਡ ਦੇ ਸਾਰੇ ਹੀ ਸਿਰ ਕੱਢ ਘਰਾਂ ਵਿੱਚ ਚੁੱਪ ਚਾਂਦ ਸੀ। ਹਰੀਜਨਾ ਦੀ ਵਸਤੀ ਵਿੱਚ ਕੁਝ ਚਾਨਣ ਟਿਮਟਿਮਾ ਰਿਹਾ ਸੀ। ਕਿਤੇ ਕਿਤੇ ਪਟਾਕੇ ਅਤੇ ਆਤਸ਼ਬਾਜ਼ੀਆਂ ਚੱਲ ਰਹੀਆਂ ਸਨ। ਉਸ ਦੀ ਆਪਦੀ ਗਲੀ ਵਿੱਚ ਦੂਰ ਤਾਈਂ ਹਨੇਰਾ ਪਸਰਿਆ ਹੋਇਆ ਸੀ।

ਉਹ ਸਿਰ ਝੁਕਾਈ ਆਪਣੇ ਘਰ ਅੰਦਰ ਵੜ ਗਿਆ ਸੀ। ਉਸ ਦਾ ਸਾਰਾ ਪਰਿਵਾਰ ਚੁੱਪ ਚਾਪ ਬੈਠਾ ਉਸ ਨੂੰ ਉਡੀਕ ਰਿਹਾ ਸੀ। ਕਿਸੇ ਕੋਲ ਇਹ ਪੁੱਛਣ ਦੀ ਹਿੰਮਤ ਨਹੀਂ ਸੀ ਕਿ ਝੋਨੇ ਦਾ ਕੀ ਬਣਿਆ ਜਾਂ ਫਿਰ ਆੜਤੀਏ ਦੇ ਮਨ ਵਿੱਚ ਕੋਈ ਮਿਹਰ ਪਈ ਜਾਂ ਨਹੀਂ।

ਮੱਘਰ ਸਿੰਘ ਦੀ ਚੁੱਪ ਨੇ ਪਰਿਵਾਰ ਦੀ ਕੁਝ ਟਿਮਟਮਾਉਂਦੀ ਆਸ ਦੇ ਦੀਵੇ ਉੱਤੇ ਆਖਰੀ ਫੂਕ ਮਾਰ ਦਿੱਤੀ ਸੀ।

# ਸਿਆਸੀ ਵਰਦਾਨ

ਪਤਾ ਨਹੀਂ ਕਿਸੇ ਮਨੁੱਖੀ ਸੋਚ ਦਾ ਨਤੀਜਾ ਸੀ ਜਾਂ ਕੁਦਰਤ ਦੀ ਰਚੀ ਕੋਈ ਲੀਲਾ। ਕ੍ਰਿਸ਼ਨ ਗੋਪਾਲ ਲੀਡਰ ਦਾ ਚੰਗਾ ਧੰਦਾ ਚਲਦਾ ਸੀ, ਪਰ ਸਮਾ ਪਾ ਕੇ ਉਸ ਦਾ ਵਧੇਰੇ ਧਿਆਨ, ਨੇੜੇ ਦੇ ਪਿੰਡ ਵਿਦੇਸ਼ੀ ਗਊਆਂ ਦੀ ਡੇਅਰੀ ਵੱਲ ਹੋ ਗਿਆ ਸੀ। ਉਸ ਨੇ ਹਰ ਇੱਕ ਗਊ ਦਾ ਪਿਆਰਾ ਜਿਹਾ ਨਾਮ ਰੱਖਿਆ ਹੋਇਆ ਸੀ। ਆਪਣੀ ਪਤਨੀ ਦਾ ਨਵਾਂ ਨਾਮ ਰਾਧਾ ਰੱਖਕੇ ਉਸ ਨੂੰ ਵੀ ਸਖੀਆਂ ਨਾਲ ਰਲਾ ਲਿਆ ਸੀ। ਗਊਸ਼ਾਲਾ ਵਿੱਚ ਦੁੱਧ ਦੇ ਦਰਿਆ ਵਗਦੇ ਸਨ ਅਤੇ ਮੱਖਣ ਦੇ ਡਰਮ ਭਰੇ ਰਹਿੰਦੇ ਸਨ। ਸ਼ਹਿਰ ਉਸ ਦੀ ਮਥੁਰਾ ਸੀ ਅਤੇ ਡੇਅਰੀ ਬ੍ਰਿੰਦਾ ਬਣ। ਦਿਨ ਰਾਤ ਰਾਸਲੀਲਾ ਚੱਲਦੀ ਰਹਿੰਦੀ ਜਿਵੇਂ ਮੁੜ ਦੁਆਪਰ ਯੁੱਗ ਸਿਰਜਿਆ ਗਿਆ ਹੋਵੇ।

ਜਿਸ ਤਰ੍ਹਾਂ ਅਜੋਕੇ ਸਿਆਸੀ ਲੀਡਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਪੁੱਤਰ ਹੀ ਉਨ੍ਹਾਂ ਦੀ ਕੁਰਸੀ ਦੇ ਮਾਲਕ ਬਣਨ। ਕ੍ਰਿਸ਼ਨ ਦੀ ਵੀ ਦਿਲੀ ਖਾਹਿਸ਼ ਸੀ ਕਿ ਉਸ ਦਾ ਪੁੱਤਰ ਵੀ ਗਊਆਂ ਦਾ ਰਖਵਾਲਾ ਬਣੇ। ਪਰ ਉਸ ਦਾ ਪੁੱਤਰ ਤਾਂ ਸ਼ਰਾਬ, ਕਬਾਬ ਅਤੇ ਸ਼ਬਾਬ ਦਾ ਸ਼ੌਕੀਨ ਬਣਦਾ ਜਾ ਰਿਹਾ ਸੀ ਅਤੇ ਉਸ ਵਿੱਚ ਹੋਰ ਵੀ ਕਈ ਕੰਸ ਵਾਲੀਆਂ ਪਰਵਿਰਤੀਆਂ ਉਤਪਣ ਹੋ ਰਹੀਆਂ ਸਨ।

ਕ੍ਰਿਸ਼ਨ ਦੁਖੀ ਸੀ ਅਤੇ ਹੈਰਾਨ ਵੀ। ਉਸ ਦੀ ਸਮਝ ਵਿੱਚ ਕੁਝ ਨਹੀਂ ਆ ਰਿਹਾ ਸੀ ਕਿ ਉਸ ਦੇ ਘਰ ਕੰਸ ਦਾ ਪੈਦਾ ਹੋਣਾ ਕੋਈ ਕੁਦਰਤ ਦੀ ਕਰੋਪੀ ਸੀ ਜਾਂ ਫਿਰ ਸਿਆਸੀ ਵਰਦਾਨ।

# ਸੋਚ

ਕੰਵਲਜੀਤ ਨੂੰ ਬਹੁਤ ਡਰ ਲੱਗ ਰਿਹਾ ਸੀ। ਉਹ ਘਰ ਵਿੱਚ ਇਕੱਲੀ ਔਰਤ ਸੀ। ਉਨ੍ਹਾਂ ਦਾ ਘਰ ਪਿੰਡ ਤੋਂ ਦੂਰ ਖੇਤਾਂ ਵਿੱਚ ਸੀ ਅਤੇ ਆਸੇ ਪਾਸੇ ਕੋਈ ਹੋਰ ਘਰ ਵੀ ਨਹੀਂ ਸੀ।

ਉਸ ਦੇ ਪਤੀ ਨੂੰ ਹਾਲੀ ਵੀ ਭਲਵਾਨੀ ਦਾ ਸ਼ੌਕ ਸੀ। ਉਹ ਘੁਲਣ ਲਈ ਮਾਝੇ ਵਿੱਚ ਗਿਆ ਹੋਇਆ ਸੀ। ਉਸ ਦਾ ਛੋਟਾ ਦਿਉਰ– ਜਿਸ ਦਾ ਉਸ ਨੂੰ ਖਾਸ ਸਹਾਰਾ ਸੀ– ਉਹ ਵੀ ਹਾਕੀ ਚੁੱਕ ਕੇ ਸ਼ਹਿਰ ਮੈਚ ਖੇਡਣ ਚਲਾ ਗਿਆ ਸੀ। ਘਰ ਦੇ ਲਾਗੇ ਉਸਦਾ ਛੜਾ ਜੇਠ ਖਾਲ ਦੀਆਂ ਵੱਟਾਂ ਸਾਫ ਕਰ ਰਿਹਾ ਸੀ।

ਉਸ ਨੂੰ ਇਸ ਸਮੇਂ ਸਭ ਤੋਂ ਵੱਧ ਗੁੱਸਾ ਆਪਣੇ ਮਾਪਿਆਂ ਉੱਤੇ ਆ ਰਿਹਾ ਸੀ। ਰਿਸ਼ਤਾ ਕਰਨ ਸਮੇਂ ਉਨ੍ਹਾਂ ਇਹ ਵੀ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਘਰ ਵਿੱਚ ਕਿਸੇ ਹੋਰ ਜਨਾਨੀ ਤੋਂ ਬਿਨਾਂ, ਉਹ ਮੌਕੇ ਬੇਮੌਕੇ ਕਿਵੇਂ ਸਮਾਂ ਲੰਘਾਇਆ ਕਰੇਗੀ। ਆਪਣੇ ਦਿਉਰ ਨੂੰ ਤਾਂ ਉਹ ਕੁਝ ਨਹੀਂ ਕਹਿ ਸਕਦੀ ਸੀ ਪਰ ਪਤੀ ਦੇ ਬੇਫਿਕਰ ਹੋ ਕੇ ਘਰੋਂ ਨਿਕਲ ਜਾਣ ਉੱਤੇ ਉਸ ਨੂੰ ਰਹਿ ਰਹਿਕੇ ਗੁੱਸਾ ਆ ਰਿਹਾ ਸੀ।

ਉਸ ਨੂੰ ਡਿਉਢੀ ਵਿੱਚ ਆਪਣੇ ਜੇਠ ਦੇ ਆਉਣ ਦਾ ਘੰਗੂਰਾ ਸੁਣਾਈ ਦਿੰਦਿਆਂ ਹੀ ਹੱਥਾਂ ਪੈਰਾਂ ਦੀ ਪੈ ਗਈ। ਜਿਸ ਡਰ ਤੋਂ ਉਹ ਹੁਣ ਤੱਕ ਡਰਦੀ ਆ ਰਹੀ, ਉਹ ਡਰ ਉਸ ਦੇ ਸਾਹਮਣੇ ਖੜ੍ਹਾ ਸੀ। ਇੱਕ ਪਲ ਵਿੱਚ ਉਸ ਨਾਂਲ ਕੀ ਬੀਤਣ ਵਾਲਾ ਸੀ, ਉਸ ਦਾ ਕਿਆਸ ਕਰਕੇ ਉਹ ਪੀਹੜੀ ਉੱਤੇ ਬੈਠੀ ਕੰਬ ਰਹੀ ਸੀ।

''ਭਾਈ ਮੇਰੇ ਕੱਪੜੇ ਫੜਾਇਓ'' ਡਿਉਢੀ ਵਿਚੋਂ ਕਿਸੇ ਦੀ ਆਵਾਜ ਆਈ।

ਜੇਠ ਕੱਪੜੇ ਲੈ ਕੇ ਬਾਹਰ ਜਾ ਰਿਹਾ ਸੀ

''ਮੈਂ ਭਾਈ ਬਾਹਰ ਟਾਹਲੀ ਹੇਠ ਪਿਆਂ, ਤੂੰ ਬਾਰ ਨੂੰ ਅੰਦਰੋਂ ਕੁੰਡਾ ਮਾਰ ਲੈ।'' ਉਹ ਬਾਹਰ ਬੂਹਾ ਲੰਘਦਾ ਕਹਿ ਗਿਆ।

ਉਹ ਆਪਣੀ ਸੋਚ ਨੂੰ ਕੋਸ ਰਹੀ ਸੀ।

# ਜ਼ਮੀਰ

ਉਹ ਸ਼ਹਿਰ ਵਿੱਚ ਸਾਂਈ ਬਾਬਾ ਦੇ ਨਾਮ ਨਾਲ ਪ੍ਰਸਿੱਧ ਸੀ। ਉਹ ਹਿੰਦੂ ਸੀ ਜਾਂ ਮੁਸਲਮਾਨ ਕਿਸੇ ਨੂੰ ਕੁਝ ਪਤਾ ਨਹੀਂ ਸੀ। ਪਹਿਰਾਵੇ ਤੋਂ ਉਹ ਸਿੱਖ ਜਾਪਦਾ ਸੀ ਅਤੇ ਸ਼ਹਿਰ ਵਿੱਚ ਮੰਗਿਆ ਕਰਦਾ ਸੀ।

ਉਸਦੇ ਦੋਵੇਂ ਹੱਥ ਗੁੱਟਾਂ ਕੋਲੋਂ ਕੱਟੇ ਹੋਏ ਸਨ। ਇੱਕ ਡੱਬੇ ਨੂੰ ਰੱਸੀ ਨਾਲ ਬੰਨ੍ਹਕੇ ਉਸ ਨੇ ਆਪਣੀ ਸੱਜੀ ਬਾਂਹ ਦੇ ਟੁੰਡ ਵਿੱਚ ਲਟਕਾਇਆ ਹੁੰਦਾ ਸੀ। ਉਹ ਮੰਗਣ ਵਾਲੀ ਦੁਕਾਨ ਦੇ ਸਾਹਮਣੇ ਚੁੱਪ ਚਾਪ ਖੜ੍ਹ ਜਾਂਦਾ ਸੀ। ਜਿਹੜਾ ਦੁਕਾਨਦਾਰ ਉਸ ਨੂੰ ਕੋਈ ਸਿੱਕਾ ਦਿੰਦਾ, ਉਸ ਨੂੰ ਉਹ ਡੱਬੇ ਵਿੱਚ ਪਵਾਕੇ 'ਭੰਡਾਰੇ ਭਰਪੂਰ ਹੋਣ, ਰਹਿਮ ਬਣਿਆ ਰਹੇ' ਦੀ ਅਸੀਸ ਦੇ ਕੇ ਅੱਗੇ ਟੁਰ ਜਾਂਦਾ ਸੀ। ਜੇ ਕਿਸੇ ਦੁਕਾਨਦਾਰ ਨੇ ਉਸ ਵੱਲ ਧਿਆਨ ਨਹੀਂ ਦਿੱਤਾ ਤਾ ਉਹ ਕੁਝ ਦੇਰ ਉਡੀਕ ਕੇ ਅਗਲੀ ਦੁਕਾਨ ਉੱਤੇ ਜਾ ਖੜ੍ਹਦਾ ਸੀ। ਜੇ ਦੁਕਾਨਦਾਰ ਨੇ ਅੱਗੇ ਜਾਣ ਦਾ ਇਸ਼ਾਰਾ ਕਰ ਦਿੱਤਾ ਤਾਂ 'ਰਹਿਮ ਬਣਿਆ ਰਹੇ ' ਦੀ ਅਸੀਸ ਦਿੰਦਾ ਸੀ।

ਇੱਕ ਵੱਡੀ ਦੁਕਾਨ ਅੱਗੇ ਜਦ ਉਹ ਕਾਫੀ ਦੇਰ ਉਡੀਕ ਕੇ ਅੱਗੇ ਜਾਣ ਲੱਗਿਆ ਤਾਂ ਖਿਝੇ ਦੁਕਾਨਦਾਰ ਨੇ ਰੁਪਏ ਦਾ ਸਿੱਕਾ ਉਸ ਦੇ ਪੈਰਾਂ ਵਿੱਚ ਸੁੱਟ ਦਿੱਤਾ। ''ਮੈਂ ਮੰਗਤਾ ਜਰੂਰ ਹਾਂ ਪਰ ਹਾਲੀ ਜਮੀਰ ਨਹੀਂ ਵੇਚੀ।'' ਉਹ ਸਿੱਕਾ ਪਿੱਛੇ ਛੱਡਕੇ ਅੱਗੇ ਟੁਰ ਗਿਆ।

# ਅੱਤਵਾਦੀ

ਮੇਲੇ ਵਿੱਚ ਅੱਤਵਾਦੀਆਂ ਦਾ ਪਤਾ ਲੱਗਦੇ ਹੀ ਪੁਲਿਸ ਚੁਕੰਨੀ ਹੋ ਗਾਈ ਸੀ। ਮੁੱਖ ਦਫਤਰ ਨੂੰ ਸੂਚਨਾ ਭੇਜ ਦਿੱਤੀ ਗਈ ਸੀ ਅਤੇ ਨੇੜੇ ਦੀ ਫੋਰਸ ਨੂੰ ਤੁਰੰਤ ਮੇਲੇ ਵਿੱਚ ਪਹੁੰਚ ਜਾਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਸਨ।

ਹਥਿਆਰਬੰਦ ਫੋਰਸ ਅੱਤਵਾਦੀਆਂ ਨੂੰ ਘੇਰੇ ਵਿੱਚ ਲੈ ਰਹੀ ਸੀ ਅਤੇ ਸਾਦੇ ਕੱਪੜਿਆਂ ਵਿੱਚ ਕਈ ਸੂਹੀਏ ਉਨ੍ਹਾਂ ਦੇ ਨੇੜੇ ਤਾਇਨਾਤ ਕਰ ਦਿੱਤੇ ਗਏ ਸਨ। ਹਰ ਮੋੜ ਉੱਤੇ ਪੁਲਿਸ ਹਾਜਰ ਸੀ ਅਤੇ ਪਿੰਡ ਤੋਂ ਬਾਹਰ ਜਾਣ ਦੇ ਸਾਰੇ ਰਾਹ ਸੀਲ ਕਰ ਦਿੱਤੇ ਗਏ ਸਨ। ਪੂਰਾ ਪ੍ਰਬੰਧ ਕਰਕੇ ਅੱਤਵਾਦੀਆਂ ਨੂੰ ਪੁਲਿਸ ਅੱਗੇ ਆਤਮ ਸਮਰਪਣ ਕਰਨ ਦੇ ਹੁਕਮ ਸਪੀਕਰ ਉੱਤੇ ਦਿੱਤੇ ਜਾ ਰਹੇ ਸਨ।

ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦਾ ਗਰੁੱਪ ਜੋ ਮੇਲੇ ਦਾ ਅਨੰਦ ਮਾਣ ਰਿਹਾ ਸੀ ਹੱਕਾ ਬੱਕਾ ਰਹਿ ਗਿਆ ਸੀ। ਪੁਲਿਸ ਦਸ ਰਹੀ ਸੀ ਕਿ ਉਹ ਸਾਰੇ ਅੱਤਵਾਦੀ ਸਨ ਅਤੇ ਉਹਨਾਂ ਦੇ ਲੀਡਰ ਨੇ ਮੂੰਹ ਬੰਨ੍ਹਿਆ ਹੋਇਆ ਏ।

ਵਿਦਿਆਰਥੀ ਮੁੰਡਿਆਂ ਉੱਤੇ ਖਤਰਾ ਮੰਡਲਾ ਰਿਹਾ ਸੀ। ਇੱਕ ਸਿਆਣੇ ਮੁੰਡੇ ਨੇ ਕਿਹਾ,''ਗੁਰਜੰਟ ਮੂੰਹ ਤੋਂ ਰੁਮਾਲ ਖੋਲਕੇ ਵਿਖਾ ਦੇ ਭਰਿੰਡ ਕਿਹੜੀ ਗੱਲ੍ਹ ਉੱਤੇ ਲੜੀ ਏ।' ਰੁਮਾਲ ਖੋਲਣ ਉੱਤੇ ਸੁੱਜੀ ਗੱਲ੍ਹ ਦੇ ਦਰਸ਼ਨ ਹੋ ਗਏ ਸਨ।

ਅੱਤਵਾਦੀ ਮੁਸ਼ਕਰਾ ਰਹੇ ਸਨ ਅਤੇ ਪੁਲਿਸ ਨੂੰ ਵੀ ਸੁੱਖ ਦਾ ਸਾਹ ਆਇਆ ਸੀ।

# ਮਹਾਨਤਾ

ਹੋਟਲ ਦੇ ਕਮਰਾ ਨੰ 10 ਦਾ ਬੂਹਾ ਖੋਲ੍ਹ ਕੇ ਉਹ ਅੰਦਰ ਲੰਘਕੇ ਕੁਰਸੀ ਉੱਤੇ ਬੈਠ ਗਈ। ਬੈੱਡ ਉੱਤੇ ਪਿਆ ਕੋਈ ਕਿਤਾਬ ਪੜ੍ਹ ਰਿਹਾ ਸੀ ਅਤੇ ਉਸ ਦੇ ਆਸੇ ਪਾਸੇ ਕਾਗਜ਼ ਖਿਲਰੇ ਹੋਏ ਸਨ।

'ਮੈਡਮ ਆਪ ਗਲਤ ਕਮਰੇ ਵਿੱਚ ਤਾਂ ਨਹੀਂ ਆ ਗਏ?'

'ਆਪ ਖੁਸ਼ਦਿਲ ਦਰਦੀ ਸਾਹਿਬ ਹੋ ਨਾ।' ਲੇਖਕ ਨੇ ਹਾਂ ਵਿੱਚ ਸਿਰ ਹਿਲਾਇਆ।

'ਮੈਨੂੰ ਮਨੇਜਰ ਸਾਹਿਬ ਨੇ ਭੇਜਿਆ ਏ। ਆਪ ਕਹਿੰਦੇ ਸੀ ਕਿ ਆਪ ਕੁੱਝ ਉਦਾਸ ਹੋ, ਨਾਲੇ ਤਨਾਓ ਵਿੱਚੋਂ ਲੰਘ ਰਹੇ ਹੋ ਅਤੇ ਘਰ ਤੋਂ ਆਇਆਂ ਨੂੰ ਵੀ ਇੱਕ ਮਹੀਨਾ ਹੋ ਗਿਆ ਏ।

'ਆਪ ਕੋਈ ਦਵਾਈ ਲਿਆਏ ਹੋ।'

'ਨਹੀਂ ਜੀ, ਮੈਂ ਆਪ ਹੀ ਦਵਾਈ ਹਾਂ।'

'ਜੀ, ਮੈਂ ਕੁਝ ਸਮਝਿਆ ਨਹੀਂ।'

'ਮੈਂ ਤੁਹਾਨੂੰ ਖੁਸ਼ ਕਰਨ ਆਈ ਹਾਂ' ਕੁੜੀ ਦੀਆਂ ਨਜ਼ਰਾਂ ਝੁੱਕ ਗਈਆਂ।

ਲੇਖਕ ਠੀਕ ਹੋ ਕੇ ਬੈਠ ਗਿਆ। ਉਸ ਨੇ ਵੇਖਿਆ ਕੁੜੀ ਜਵਾਨ ਸੀ ਅਤੇ ਉਸਨੇ ਬਿੰਦੀ ਲਾਈ ਹੋਈ ਸੀ।

'ਇਹ ਕੰਮ ਤੁਸੀਂ ਆਪਣੇ ਲਈ ਕਰਦੇ ਹੋ?'

'ਨਹੀਂ, ਮੇਰੇ ਪਤੀ ਕੈਂਸਰ ਦੇ ਮਰੀਜ਼ ਹਨ। ਉਹ ਕੋਈ ਕੰਮ ਨਹੀਂ ਕਰ ਸਕਦੇ, ਅਤੇ ਮੈਨੂੰ ਕੰਮ ਮਿਲਦਾ ਨਹੀਂ। ਰੋਟੀ ਦਾ ਗੁਜ਼ਾਰਾ ਮੈਂ ਦੋ ਘਰਾਂ ਦੀ ਸਫਾਈ ਕਰਕੇ ਕਰ ਲੈਂਦੀ ਹਾਂ। ਉਨ੍ਹਾਂ ਦੀ ਦਵਾਈ ਲਈ ਅਜਿਹਾ ਕੁਝ ਕਰਨਾ ਪੈਂਦਾ ਏ।'

'ਸਭ ਕੁਝ ਜਲਦੀ ਠੀਕ ਹੋ ਜਾਵੇਗਾ। ਤੁਹਾਡੀ ਫੀਸ।'

'ਮੈਂ ਚੀਜ ਵੇਚਣ ਦਾ ਮੁੱਲ ਲੈਂਦੀ ਹਾਂ, ਵਖਾਉਣ ਦਾ ਨਹੀਂ'

ਲੇਖਕ ਨੇ ਚੈੱਕ ਪਾੜ ਕੇ ਦਸ ਹਜ਼ਾਰ ਦੀ ਰਕਮ ਭਰੀ, ਦਸਖਤ ਕਰਕੇ ਉਸ ਵੱਲ ਵਧਾ ਦਿੱਤਾ, 'ਇਹ ਦਰਦੀ ਦੀ ਹਮਦਰਦੀ ਏ, ਫੀਸ ਨਹੀਂ। ਤੁਸੀਂ ਮਹਾਨ ਇਸਤਰੀ ਹੋ।'

'ਆਦਮੀ ਵੀ ਮਹਾਨ ਹੁੰਦੇ ਹਨ' ਉਹ ਭਰੇ ਨੈਣਾਂ ਨਾਲ ਕਮਰੇ ਤੋਂ ਬਾਹਰ ਚਲੀ ਗਈ।

# ਪੇਇੰਗ ਗੈਸਟ

ਗੁਰਪ੍ਰੀਤ ਭਰ ਜਵਾਨ, ਸੋਹਣੀ ਸੁਨੱਖੀ ਅਤੇ ਗੋਰੀ ਚਿੱਟੀ ਔਰਤ ਸੀ। ਉੱਚੇ ਕੱਦ, ਮੋਟੀਆਂ ਅੱਖਾਂ ਅਤੇ ਲੰਮੇ ਵਾਲਾਂ ਵਾਲੀ ਉਹ ਸ਼ਹਿਰ ਦੀ ਜਾਣੀ ਪਹਿਚਾਣੀ ਹਸਤੀ ਸੀ। ਉਹ ਆਪਣੇ ਆਈ.ਏ.ਐਸ. ਅਫਸਰ ਪਤੀ ਦੇ ਪਹਿਲੇ ਸਫਲ ਪਿਆਰ ਦੀ ਪਤਨੀ ਸੀ। ਆਪਦੇ ਪਤੀ ਦੇ ਉੱਚ ਰੁਤਬੇ ਨਾਲ ਉਹ ਕਲੱਬਾਂ, ਮਹਿਫਲਾਂ ਅਤੇ ਸਮਾਗਮਾਂ ਦੀ ਸ਼ਾਨ ਸਮਝੀ ਜਾਂਦੀ ਸੀ।

ਉਸ ਦਾ ਪਤੀ ਮਹਿਮਾਨਾਂ ਨਾਲ ਉਸ ਦੀ ਜਾਣ ਪਹਿਚਾਦ ਪ੍ਰੀਤੀ ਕਹਿ ਕੇ ਕਰਵਾਇਆ ਕਰਦਾ ਸੀ। ਪਤੀ ਆਪਣੇ ਦੋਸਤਾਂ ਨਾਲ ਖਾਣ ਪੀਣ ਵਿੱਚ ਰੁੱਝ ਜਾਂਦਾ ਸੀ ਅਤੇ ਪ੍ਰੀਤੀ ਆਪਣੇ ਮਨ ਪਸੰਦ ਮਹਿਮਾਨਾਂ ਨਾਲ ਮਹਿਫਲਾਂ ਰੰਗੀਨ ਕਰਦੀ ਰਹਿੰਦੀ ਸੀ। ਉਹ ਲੰਘ ਰਹਾ ਸਮਾਂ ਰੱਜਕੇ ਮਾਨ ਰਹੀ ਸੀ। ਉਸ ਨੂੰ ਯਾਦ ਚੇਤਾ ਵੀ ਨਹੀਂ ਸੀ ਕਿ ਉਸਦਾ ਭਵਿੱਖ ਕਦੇ ਪੁੱਠੀਆਂ ਕਰਵਟਾਂ ਵੀ ਲੈ ਸਕਦਾ ਏ।

ਦਿਲ ਦਾ ਦੌਰਾ ਪੈ ਜਾਣ ਕਰਕੇ ਉਸ ਦੇ ਪਤੀ ਦੀ ਅਚਾਨਕ ਮੌਤ ਹੋ ਗਈ। ਉਹ ਸਮਾਜਿਕ ਮਜ਼ਬੂਰੀਆਂ ਅਧੀਨ ਕੁਝ ਸਮਾਂ ਸੰਜਮ ਤੋਂ ਕੰਮ ਲੈਂਦੀ ਰਹੀ ਪਰ ਸਭ ਕੁਝ ਉਸ ਨੂੰ ਬੇ ਰਸ ਅਤੇ ਅਸਹਿ ਜਾਪ ਰਿਹਾ ਸੀ।

ਉਸ ਨੇ ਸੋਚ ਦੇ ਇੱਕੋ ਝਟਕੇ ਨਾਲ ਆਪਣੀ ਕੋਠੀ ਦੇ ਕੁਝ ਕਮਰਿਆਂ ਨੂੰ ਗੈਸਟ ਰੂਮ ਵਿੱਚ ਬਦਲ ਕੇ ਕੋਠੀ ਦੇ ਬਾਹਰ ''ਪ੍ਰੀਤ ਗੈਸਟ ਹਾਊਸ'' ਦਾ ਫੱਟਾ ਲਗਾ ਦਿੱਤਾ।

ਪੇਇੰਗ ਗੈਸਟਾਂ ਦਾ ਹੁਣ ਤਾਂਤਾਂ ਹੀ ਲੱਗਿਆ ਰਹਿੰਦਾ ਸੀ।

# ਬੇਪਰਦ ਪਰਦੇ

ਸ਼ਹਿਰ ਦੇ ਅੱਤ ਸੁੰਦਰ ਅਤੇ ਮਹਿੰਗੇ ਮੈਰਿਜ ਪੈਲੇਸ ਵਿੱਚ ਇੱਕ ਬਹੁੱਤ ਵੱਡੇ ਸਿਆਸੀ ਸਰਦਾਰ ਦੇ ਕਾਕਾ ਜੀ ਦੀ ਸ਼ਾਦੀ ਦਾ ਸਮਾਗਮ ਚਲ ਰਿਹਾ ਸੀ। ਸ਼ਰਾਬ ਦੇ ਦੌਰ ਚੱਲ ਰਹੇ ਸਨ ਅਤੇ ਅੱਧ ਨੰਗੀਆਂ ਕੁੜੀਆਂ ਲੱਚਰ ਗੀਤਾਂ ਦੀ ਔਰਕੈਸਟਰਾ ਧੁੰਨਾ ਉੱਤੇ ਨੱਚ ਰਹੀਆਂ ਸਨ।

ਸ਼ਰਾਬ ਦੇ ਰੱਜੇ ਨੌਜਵਾਨ ਉੱਚੀ ਸਟੇਜ ਦੇ ਨੀਵੇਂ ਫਰਸ਼ ਉੱਤੇ ਭੰਗੜਾ ਪਾ ਰਹੇ ਸਨ। ਕਾਮਿਕ ਗੀਤਾਂ ਉੱਤੇ ਕੁੜੀਆਂ ਸਰੀਰਕ ਹਰਕਤਾਂ ਨਾਲ ਕਹਿਰ ਵਰ੍ਹਾ ਰਹੀਆਂ ਸਨ। ਸ਼ਰਾਬੀਆਂ ਦੀਆਂ ਲਾਲ੍ਹਾਂ ਡਿੱਗ ਰਹੀਆਂ ਸਨ। ਉਨ੍ਹਾਂ ਦੇ ਤਨ, ਮਨ ਰੋਕਾਂ ਦੀਆਂ ਪਾਬੰਦੀਆਂ ਤੋੜਨ ਦੀ ਚਰਮ ਸੀਮਾ ਤੱਕ ਪਹੁੰਚ ਚੁੱਕੇ ਸਨ।

ਨੋਟਾਂ ਦੀ ਵਰਖਾ ਹੋ ਰਹੀ ਸੀ ਅਤੇ ਅਨਾਊਂਸਰ ਦੀਆਂ ਵਰਾਛਾਂ ਖਿੜਦੀਆਂ ਜਾ ਰਹੀਆਂ ਸਨ। ਨੱਚਣ ਵਾਲੀਆਂ ਕੁੜੀਆਂ ਨੇ ਵੀ ਸਭ ਸੀਮਾਵਾਂ ਤੋੜ ਦਿੱਤੀਆਂ ਸਨ। ਗੀਤ ਚੱਲ ਰਿਹਾ ਸੀ 'ਗੱਲ੍ਹਾ ਗੋਰੀਆਂ ਤੇ ਵਿੱਚ ਟੋਏ......' ਅੱਤ ਸੁਨੱਖੀ ਕੁੜੀ ਲੱਕ ਲਹਿਰਾਕੇ ਬੇ ਹਯਾਈਹ ਨਾਲ ਨੱਚ ਰਹੀ ਸੀ। ਭੰਗੜਾ ਪਾ ਰਹੇ ਨੌਜਵਾਨਾਂ ਵਿਚੋਂ ਇੱਕ ਸ਼ਰਾਬ ਨਾਲ ਬੇ ਸੁੱਧ ਹੋਏ ਮੁੰਡੇ ਨੇ, ਸਟੇਜ ਉੱਤੇ ਨੱਚ ਰਹੀ ਕੁੜੀ ਨੂੰ ਲੱਤ ਫੜਕੇ ਭੰਗੜੇ ਵਿੱਚ ਖਿੱਚ ਲਿਆ। ਕੁੜੀ ਦੀ ਲੰਮੀ ਚੀਕ ਸ਼ਰਾਬੀ ਮੁੰਡਿਆਂ ਦੇ ਹਾਸੇ ਵਿੱਚ ਦਮ ਤੋੜ ਗਈ। ਇੱਜਤਦਾਰ ਲੋਕ ਬੇਪਰਦ ਕੁੜੀ ਨੂੰ ਚੁੱਕ ਕੇ ਪਰਦੇ ਵਿੱਚ ਲੈ ਗਏ।

# ਚੀਰ ਹਰਣ

ਅਨੰਦ ਕਾਰਜ ਦੀ ਰਸਮ ਖਤਮ ਹੁੰਦਿਆਂ ਹੀ ਸੱਜ ਵਿਆਹੀ ਜੋੜੀ ਪਵਿੱਤਰ ਮੈਰਿਜ ਪੈਲਸ ਵਿੱਚ ਪਹੁੰਚ ਗਈ ਸੀ। ਖਚਾ ਖਚ ਭਰੇ ਹਾਲ ਵਿੱਚ ਸਭਿਆਚਾਰਕ ਪ੍ਰੋਗਰਾਮ ਸ਼ੁਰੂ ਹੋ ਚੁੱਕਿਆ ਸੀ। ਧਾਰਮਿਕ ਗੀਤ ਸਮਾਪਤ ਹੋਣ ਤੋਂ ਪਹਿਲਾਂ ਹੀ ਸ਼ਰਾਬ ਨਾਲ ਭਰੇ ਗਲਾਸ ਵੰਡਣੇ ਸ਼ੁਰੂ ਹੋ ਚੁੱਕੇ ਸਨ।

ਉੱਚੀ ਪੱਧਰ ਦੇ ਗੀਤ, ਨੀਵੀ ਸੁਰ ਦੇ ਸੰਗੀਤ ਲਾਲ ਦਿਲ ਦਿਮਾਗ ਨੂੰ ਟੁੰਬ ਰਹੇ ਸਨ। ਨੌਜਵਾਨਾਂ ਵਿੱਚ ਜਿਉਂ ਜਿਉਂ ਸ਼ਰਾਬ ਦਾ ਸਰੂਰ ਵਧਦਾ ਜਾ ਰਿਹਾ ਸੀ, ਗੀਤਾਂ ਦੀ ਪੱਧਰ ਘੱਟਦੀ ਜਾ ਰਹੀ ਸੀ। ਘਟੀਆ ਅਤੇ ਚਲਾਊ ਗੀਤਾਂ ਨਾਲ ਡਾਂਸ ਕਰ ਰਹੀਆਂ ਕੁੜੀਆਂ ਉਨ੍ਹਾਂ ਨੂੰ ਕੁਝ ਭੜਕਾਊ ਵੀ ਕਰ ਰਹੀਆਂ ਸਨ। ਉਹ ਹਰ ਗੀਤ ਨਾਲ ਜਿੱਥੇ ਕੱਪੜੇ ਬਦਲਦੀਆਂ ਸਨ ਉੱਥੇ ਕੁਝ ਘਟਾ ਵੀ ਲੈਂਦੀਆਂ ਸਨ। ਗੀਤ ਚਲ ਰਿਹਾ ਸੀ 'ਦਿਲ ਲੈ ਗੀ ਕੁੜੀ ਗੁਜਰਾਤ ਦੀ' ਨੱਚ ਰਹੀ ਕੁੜੀ ਦੇ ਕੱਪੜੇ ਨਾ ਮਾਤਰ ਹੀ ਰਹਿ ਗਏ ਸਨ।

'ਇਹ ਸਭ ਕੀ ਹੋ ਰਿਹਾ ਏ?' ਕਿਸੇ ਬਜ਼ੁਰਗ ਦਾ ਸਬਰ ਦਹਾੜਿਆ।

'ਸਵੈ ਚੀਰ-ਹਰਣ।' ਕਿਸੇ ਹੋਰ ਨੇ ਸੱਚ ਨੂੰ ਮਖੌਲ ਕੀਤਾ।

# ਬੁਢਾਪਾ ਸਾਲ

ਉਸ ਅਜੀਬ ਜੋੜੀ ਦੀ ਸ਼ਹਿਰ ਵਿੱਚ ਆਮ ਚਰਚਾ ਸੀ। ਆਦਮੀ ਕੋਈ ਪੰਜਾਹ ਸਾਲ ਦਾ ਹੱਟਾ ਕੱਟਾ ਪਰ ਅੱਖਾਂ ਤੋਂ ਅੰਨ੍ਹਾਂ ਅਤੇ ਜਨਾਨੀ ਸੱਤਰ ਨੂੰ ਪੁੱਜੀ ਕਮਜੋਰ ਜਿਹੇ ਸਰੀਰ ਵਾਲੀ ਗੂੰਗੀ ਅਤੇ ਬਹਿਰੀ। ਕੋਈ ਉਨ੍ਹਾਂ ਨੂੰ ਪਤੀ ਪਤਨੀ ਦੱਸਦਾ ਅਤੇ ਕੋਈ ਮਾਂ ਪੁੱਤਰ। ਪਰ ਅਸਲ ਵਿੱਚ ਉਹ ਇੱਕ ਦੂਜੇ ਦੇ ਕੁਝ ਵੀ ਨਹੀਂ ਸਨ।

ਪਹਿਲਾਂ ਉਹ ਤੁਰ ਫਿਰ ਕੇ ਮੰਗਿਆ ਕਰਦੇ ਸਨ। ਆਦਮੀ ਦਾ ਮੂੰਹ ਮੰਗਦਾ ਸੀ, ਜਨਾਨੀ ਦੀਆਂ ਅੱਖਾ ਰਾਹਾਂ ਵਿੱਚ ਦਾਨੀ ਲਭਦੀਆਂ ਸਨ। ਹੁਣ ਉਨ੍ਹਾਂ ਦੇ ਸਾਂਝੇ ਫੈਸਲੇ ਨੇ ਮੰਗਣਾ ਛੱਡ ਦਿੱਤਾ ਸੀ। ਮਨੁੱਖ ਭਾਰ ਚੁੱਕਦਾ ਸੀ ਅਤੇ ਉਸ ਦੀ ਸਾਥਣ ਉਸਦੇ ਹੱਥ ਨੂੰ ਮੋਢਾ ਦਿੰਦੀ ਸੀ। ਆਪਣੀ ਲੋੜ ਨਾਲੋਂ ਉਹ ਵੱਧ ਕਮਾ ਲੈਂਦੇ ਸਨ। ਠੰਢ ਉੱਤਰਣੀ ਅਰੰਭ ਹੋ ਗਈ ਅਤੇ ਉਨ੍ਹਾਂ ਆਪਣੇ ਰਹਿਣ ਲਈ ਇੱਕ ਝੌਂਪੜੀ ਵੀ ਤਿਆਰ ਕਰ ਲਈ ਸੀ।

ਅੱਤ ਦੀ ਸਰਦੀ ਵਿੱਚ ਜਦ ਕੂੰਗੜੇ ਸਰੀਰਾਂ ਨਾਲ ਜੋੜੀ ਕਿਸੇ ਦਾ ਭਾਰਾ ਬੋਝ ਚੁੱਕਕੇ ਟਿਕਾਣੇ ਵੱਲ ਜਾ ਰਹੀ ਸੀ ਤਾਂ ਉਨ੍ਹਾਂ ਦੀ ਹਾਲਤ ਵੇਖ ਕੇ ਕੋਈ ਕਹਿ ਰਿਹਾ ਸੀ, ''ਸਾਰੀ ਦੁਨੀਆਂ ਦੇ ਨਾਲ ਸਾਡਾ ਆਪਣਾ ਮੁਲਕ ਵੀ ਇਸ ਸਾਲ ਨੂੰ ਬੁਢਾਪੇ ਦੇ ਸਾਲ ਵਜੋਂ ਮਨਾ ਰਿਹਾ ਏ।''

# ਮਰਦ ਹੈਂਕੜ

ਘਰ ਵਿੱਚ ਭਜਦੌੜ ਮੱਚੀ ਹੋਈ ਸੀ। ਬੱਚੇ ਸਕੂਲ ਜਾਣ ਤੋਂ ਲੇਟ ਹੋ ਰਹੇ ਸਨ। ਕਿਸੇ ਦੀਆਂ ਕਿਤਾਬਾਂ ਗੁਮ ਸਨ ਅਤੇ ਕਿਸੇ ਨੂੰ ਵਰਦੀ ਦੇ ਕੱਪੜੇ ਨਹੀਂ ਮਿਲ ਰਹੇ ਸੀ। ਇੰਜ ਜਾਪਦਾ ਸੀ ਕਿ ਬੱਚਿਆਂ ਨੂੰ ਅੱਜ ਭੁੱਖੇ ਹੀ ਜਾਣਾ ਪਵੇਗਾ। ਹਾਲੀ ਤੱਕ ਨਾਸਤੇ ਲਈ ਕੁੱਝ ਵੀ ਤਾਂ ਤਿਆਰ ਨਹੀਂ ਹੋਇਆ ਸੀ।

ਘਰ ਦਾ ਮਾਲਕ ਤਾਂ ਪਹਿਲਾਂ ਹੀ ਮਸਾਂ ਤਿਆਰ ਹੋਇਆ ਕਰਦਾ ਸੀ। ਅੱਜ ਦੀ ਤਿਆਰੀ ਤਾਂ ਉਸ ਲਈ ਵੱਡੀ ਮੁਸੀਬਤ ਬਣੀ ਹੋਈ ਸੀ। ਬੂਟ ਤਾਂ ਉਸ ਨੇ ਬਿਨਾਂ ਪਾਲਸ਼ ਕੀਤੇ ਹੀ ਪਾ ਲਏ ਸਨ ਪਰ ਉਹ ਟਾਈ ਤੋਂ ਬਿਨਾਂ ਕਿਵੇਂ ਜਾ ਸਕਦਾ ਸੀ। ਅੱਜ ਉਹ ਦਫਤਰ ਕੁਝ ਪਹਿਲਾਂ ਜਾਣਾ ਚਾਹੁੰਦਾ ਸੀ, ਪਰ ਉਸ ਨੂੰ ਲੱਗ ਰਿਹਾ ਸੀ ਕਿ ਉਹ ਤਾਂ ਅੱਜ ਸਮੇਂ ਸਿਰ ਵੀ ਨਹੀਂ ਪਹੁੰਚ ਸਕੇਗਾ।

'ਮੈਂ ਕਿਹਾ ਅੱਜ ਤੂੰ ਉਠਣਾ ਨਹੀਂ, ਉੱਠ ਆਪਣਾ ਘਰ ਸੰਭਾਲ। ਵੇਖ ਤੇਰੇ ਇਸਤਰੀ ਦਿਨ ਦੇ ਨਾਲ, ਉਸ ਦੀ ਰਾਤ ਵੀ ਖਤਮ ਹੋ ਗਈ ਏ। ਮਰਦ ਦਿਨ ਦਾ ਸੂਰਜ ਸਾਲ ਭਰ ਚਮਕ ਲਈ ਫਿਰ ਚੜ੍ਹ ਗਿਆ ਏ।' ਝੁੰਜਲਾਹਟ ਵਿੱਚ ਮਰਦ ਦੀ ਹੈਂਕੜ ਬੋਲ ਰਹੀ ਸੀ।

# ਕੌੜਾ ਸੱਚ

ਗੁਰਪ੍ਰੀਤ ਬਹੁਤ ਹੀ ਹੋਣਹਾਰ ਅਤੇ ਦੂਰਅੰਦੇਸ਼ ਬੱਚਾ ਸੀ। ਪੜ੍ਹਾਈ ਵਿੱਚ ਤਾਂ ਉਸ ਦਾ ਸਿੱਕਾ ਚਲਦਾ ਹੀ ਸੀ, ਉਸ ਦੀ ਬਾਲ-ਬੁੱਧ ਸਮਾਜਿਕ ਸਮੱਸਿਆਵਾਂ ਦੀ ਚੀਰ ਫਾੜ ਵੀ ਕਰਦੀ ਰਹਿੰਦੀ ਸੀ।

ਉਸ ਦੇ ਮਾਤਾ ਪਿਤਾ ਜੋ ਉੱਚ ਸਰਕਾਰੀ ਅਫਸਰ ਸਨ, ਆਪਣੇ ਮਾਪਿਆਂ ਵੱਲ ਕੁਝ ਘਿਰਣਤ ਜਿਹਾ ਰਵੱਈਆ ਹੀ ਰੱਖਦੇ ਸਨ। ਉਨ੍ਹਾਂ ਦੀਆਂ ਸਰੀਰਕ ਲੋੜਾਂ ਤਾਂ ਨੌਕਰ ਪੂਰੀਆਂ ਕਰ ਦਿੰਦੇ ਸਨ, ਪਰ ਮਾਨਸਿਕ ਅਤੇ ਆਰਥਕ ਲੋੜਾਂ ਸਦਾ ਉਨ੍ਹਾਂ ਦੇ ਅੰਦਰ ਹੀ ਤਰਕਦੀਆਂ ਰਹਿੰਦੀਆਂ ਸਨ। ਉਹ ਤਾਂ ਆਪਣੇ ਪੁੱਤਰ ਨਾਲ ਦੋ ਸ਼ਬਦ ਸਾਂਝੇ ਕਰਨ ਤੋਂ ਵੀ ਤਰਸ ਗਏ ਸਨ। ਜਦ ਕਦੇ ਵੀ ਉਨ੍ਹਾਂ ਕੋਈ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਦਾ ਇਹੀ ਉੱਤਰ ਮਿਲਦਾ ''ਮੇਰੇ ਕੋਲ ਹੁਣ ਸਮਾਂ ਨਹੀ''

''ਪ੍ਰੀਤੀ ਬੇਟੇ ਮੇਰੀ ਗੱਡੀ ਦੀ ਅੰਦਰੋਂ ਚਾਬੀ ਤਾਂ ਲਿਆਈਂ।''

ਪਿਤਾ ਦਾ ਹੁਕਮ ਸੀ।

''ਡੈਡੀ ਮੇਰੇ ਕੋਲ ਤੁਹਾਡੇ ਲਈ ਕੋਈ ਸਮਾਂ ਨਹੀਂ।'' ਪੁੱਤਰ ਦਾ ਕੜਾਕ ਉੱਤਰ ਸੀ।

''ਗੁਸਤਾਖ ਇਹ ਜਵਾਬ ਕਿਸ ਤੋਂ ਸਿੱਖਿਆ ਏ।'' ਪਿਤਾ ਨੇ ਪੁੱਤਰ ਦੇ ਚਪੇੜ ਮਾਰ ਕੇ ਪੁੱਛਿਆ।

''ਜੀ ਆਪ ਜੀ ਤੋਂ।'' ਮੁੰਡੇ ਦੀ ਨਿੱਡਰਤਾ ਵਿੱਚ ਕੌੜਾ ਸੱਚ ਸੀ।

# ਮਜੀਠਾ ਰੰਗ

ਗਿਆਨ ਕੌਰ ਸੱਸਾਂ ਵਰਗੀ ਸੱਸ ਸੀ। ਉਹ ਉਹੀ ਕੁਝ ਹੀ ਤਾਂ ਕਰ ਰਹੀ ਸੀ, ਜੋ ਕੁਝ ਉਸ ਦੀ ਸੱਸ, ਉਸ ਨਾਲ ਕਰਿਆ ਕਰਦੀ ਸੀ। ਉਸ ਨੇ ਨੂੰਹ ਨੂੰ ਬਦਨਾਮ ਕਰਨ ਦੇ ਸਾਰੇ ਪੁੱਠੇ ਢੰਗ ਆਪਣੀ ਸੱਸ ਤੋਂ ਹੀ ਸਿੱਖੇ ਸਨ। ਨੂੰਹ ਉੱਤੇ ਹੈਂਕੜ ਰੱਖਣੀ ਉਹ ਆਪਣਾ ਸਮਾਜਿਕ-ਸਿੱਧ ਅਧਿਕਾਰ ਸਮਝਦੀ ਸੀ।

ਉਸ ਦੀ ਸੱਜ-ਵਿਆਹੀ ਨੂੰਹ ਨੇ ਲੱਖ ਕੋਸ਼ਿਸ਼ ਕੀਤੀ ਕਿ ਉਹ ਆਪਣੀ ਸੱਸ ਨੂੰ ਖੁਸ਼ ਕਰ ਸਕੇ ਅਤੇ ਉਸ ਤੋਂ ਆਪਣੀ ਮਾਂ ਵਾਲਾ ਪਿਆਰ ਲੈ ਸਕੇ। ਜਦ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮਯਾਬ ਹੋ ਗਈਆਂ ਤਾਂ ਉਸ ਨੇ ਆਪਣਾ ਰੂਪ ਬਦਲਣਾ ਸ਼ੁਰੂ ਕਰ ਦਿੱਤਾ ਸੀ।

ਉਸ ਨੇ ਸੱਸ ਦੀ ਤਲਵਾਰ ਅੱਗੇ ਢਾਲ ਬਣਨ ਦੀ ਥਾਂ ਉਸ ਉੱਤੇ ਬਰਾਬਰ ਦੇ ਵਾਰ ਕਰਨੇ ਆਰੰਭ ਦਿੱਤੇ ਸਨ। ਸੱਸ ਪੁੱਤਰ ਦੇ ਪੁੱਠੇ ਕੰਨ ਭਰਦੀ, ਨੂੰਹ ਪਿਆਰ ਫੂਕ ਨਾਲ ਉਸ ਨੂੰ ਬਾਹਰ ਕੱਢ ਦਿੰਦੀ। ਸੱਸ ਪੁੱਠੀਆਂ, ਸਿੱਧੀਆਂ ਲੂਤੀਆਂ ਲਾਉਂਦੀ, ਨੂੰਹ ਸਚਾਈ ਨਾਲ ਉਸ ਉੱਤੇ ਪੋਚਾ ਮਾਰ ਦਿੰਦੀ। ਸੱਸ ਨਿੱਤ ਨਵੇਂ ਵਾਰ ਕਰਦੀ, ਪਰ ਨੂੰਹ ਮਿੱਠੇ ਬੋਲਾਂ ਅਤੇ ਤੇਜ ਬੁੱਧੀ ਨਾਲ ਉਸ ਦਾ ਹਰ ਵਾਰ ਖੁੰਢਾ ਕਰ ਦਿੰਦੀ ਸੀ।

ਸੱਸ ਦਾ ਪਲੜਾ ਹਲਕਾ ਹੋ ਰਿਹਾ ਸੀ। ਉਸ ਦੇ ਝੂਠ ਅਤੇ ਚਲਾਕੀਆਂ ਜਾਹਰ ਹੋਣ ਲੱਗ ਪਈਆਂ ਸਨ। ਉਸ ਨੇ ਆਪਣੇ ਵਾਰ ਰੋਕ ਲਏ ਸਨ। ਨੂੰਹ ਨੇ ਸੱਸ ਨੂੰ ਸਤਿਕਾਰ ਦੇ ਕੇ ਪਲੋਸ ਲਿਆ ਸੀ। ਘਰ ਦਾ ਵਾਤਾਵਰਣ ਟਹਿਕਣ ਅਤੇ ਮਹਿਕਣ ਲੱਗ ਪਿਆ ਸੀ। 'ਹਿੰਗ ਲੱਗੀ ਨਾ ਫਟਕੜੀ ਚੜ੍ਹਿਆ ਰੰਗ ਮਜੀਠਾ।'

# ਸਖਤ ਤਾੜਨਾ

ਕੰਵਲ ਕਾਲਜ ਵਿੱਚ ਪੜ੍ਹਦੀ ਸੀ। ਕੁਝ ਦਿਨਾਂ ਤੋ. ਉਹ ਘਰ ਲੇਟ ਪੁੱਜ ਰਹੀ ਸੀ। ਪਿਤਾ ਸਭ ਕੁਝ ਜਾਣਦਾ ਸੀ। ਉਸ ਨੇ ਆਸੇ ਪਾਸੇ ਤੋਂ ਪੂਰੀ ਜਾਣਕਾਰੀ ਹਾਸਲ ਕਰ ਲਈ ਸੀ। ਉਹ ਆਪਣੀ ਬੇਟੀ ਦਾ ਰਾਹ ਬਦਲਣਾ ਚਾਹੁੰਦਾ ਸੀ, ਪਰ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਗੱਲ ਕਿਸ ਤਰ੍ਹਾਂ ਆਰੰਭ ਕੀਤੀ ਜਾਵੇ। ਉਸ ਨੂੰ ਇਹ ਵੀ ਡਰ ਸੀ ਕਿ ਗੱਲ ਕਿਤੇ ਪੁੱਠੇ ਪਾਸੇ ਨੂੰ ਨਾ ਚਲ ਜਾਵੇ।

ਇੱਕ ਦਿਨ ਜਦ ਕੁੜੀ ਬਹੁਤ ਹੀ ਲੇਟ ਘਰ ਆਈ ਤਾਂ ਪਿਤਾ ਦੇ ਸਬਰ ਦਾ ਪਿਆਲਾ ਭਰਕੇ ਡੁੱਲ੍ਹਣ ਤੱਕ ਪੁੱਜ ਗਿਆ ਸੀ। ''ਕੰਵਲ....ਇੱਧਰ ਆ।'' ਪਿਤਾ ਨੇ ਕੁਰੱਖਤ ਆਵਾਜ਼ ਵਿੱਚ ਆਪਣੀ ਅੰਦਰ ਜਾਂਦੀ ਧੀ ਨੂੰ ਹੁਕਮ ਦਿੱਤਾ।

ਕੁੜੀ ਸਿਰ ਝੁਕਾ ਕੇ ਆਪਣੇ ਪਿਤਾ ਅੱਗੇ ਜਾ ਖੜ੍ਹੀ ਹੋਈ। ਪਿਤਾ ਨੇ ਸਿਰ ਉਤਾਂਹ ਨਹੀਂ ਚੁੱਕਿਆ। ਜਦ ਪੰਜ ਮਿੰਟਾਂ ਤੋਂ ਵੀ ਵੱਧ ਸਮਾਂ ਲੰਘ ਗਿਆ ਤਾਂ ਕੁੜੀ ਮਸਾਂ ਹੀ ਬੋਲ ਸਕੀ, ''ਪਿਤਾ ਜੀ ਮੈਂ ਜਾਵਾਂ।''

''ਹਾਂ ਜਾਓ। ਪਰ ਜਿੱਥੇ ਗਈ ਸੀ ਉੱਥੇ ਮੁੜ ਨਹੀਂ ਜਾਣਾ।''

# ਕੁਸਗਣ

ਰਤਨ ਸਿੰਘ ਇੱਕ ਅੱਤ ਜ਼ਰੂਰੀ ਕੰਮ ਲਈ ਜਾਣ ਵਾਸਤੇ ਤਿਆਰ ਹੋ ਰਿਹਾ ਸੀ। ਉਸ ਨੂੰ ਆਸ ਸੀ ਕਿ ਉਸ ਦਾ ਦੋਸਤ, ਉਸ ਨੂੰ ਕਦੇ ਵੀ ਨਿਰਾਸ਼ ਨਹੀਂ ਮੋੜੇਗਾ। ਉਸ ਨੇ ਅੱਜ ਤੱਕ ਕਦੇ ਉਸ ਨੂੰ ਕੋਈ ਸਵਾਲ ਨਹੀਂ ਪਾਇਆ ਸੀ ਅਤੇ ਉਸ ਲਈ ਇਹ ਕੋਈ ਵੱਡਾ ਕੰਮ ਵੀ ਨਹੀਂ ਸੀ।

ਉਹ ਹਾਲੀ ਘਰ ਤੋਂ ਬਾਹਰ ਹੀ ਨਹੀਂ ਨਿਕਲਿਆ ਸੀ ਕਿ ਉਸ ਦੀ ਵੱਡੀ ਨੂੰਹ ਨੇ ਛਿੱਕ ਮਾਰ ਦਿੱਤੀ। ਉਸ ਨੇ ਆਪਣੇ ਪੈਰ ਜਿਹੇ ਮਲੇ ਅਤੇ ਗਹਿਰੀਆਂ ਅੱਖਾਂ ਨਾਲ ਮੁੜਕੇ ਵੇਖਦਾ ਹੋਇਆ, ਘਰ ਦਾ ਬੂਹਾ ਲੰਘ ਗਿਆ। ਉਸ ਨੇ ਘਰ ਦਾ ਮੋੜ ਮੁੜਿਆ ਹੀ ਸੀ ਕਿ ਕਾਲੀ ਬਿੱਲੀ ਉਸ ਦਾ ਰਾਹ ਕੱਟ ਗਈ। ਉਸ ਦਾ ਮੱਥਾ ਠਣਕਿਆ ਅਤੇ ਨਾਲ ਹੀ ਖੜ੍ਹੇ ਡੱਬੇ ਕੁੱਤੇ ਨੇ ਕੰਨ ਮਾਰ ਦਿੱਤੇ ਸਨ। ਉਹ ਕੁਝ ਹੀ ਕਦਮ ਅੱਗੇ ਟੁਰਿਆ ਸੀ ਕਿ ਕਿਸੇ ਨੇ ਉਸ ਦਾ ਨਾਮ ਲੈ ਕੇ ਪਿਛੋਂ ਆਵਾਜ਼ ਮਾਰ ਦਿੱਤੀ ਸੀ। ਜਦ ਉਸ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਕਾਲਾ ਬ੍ਰਾਹਮਣ ਤੁਲਸੀ ਆਪਣਾ ਕੰਮ ਚੇਤੇ ਕਰਵਾ ਕੇ ਆਪਣੇ ਘਰ ਵੜ ਗਿਆ ਸੀ।

ਕੁਸਗਣ ਬਹੁਤ ਹੋ ਗਏ ਸਨ ਅਤੇ ਉਹ ਘਰ ਵਾਪਸ ਮੁੜ ਜਾਣ ਬਾਰੇ ਸੋਚ ਰਿਹਾ ਸੀ। ਪਰ ਉਸ ਦੀ ਲੋੜ ਨੇ ਉਸ ਦੇ ਪੈਰਾਂ ਨੂੰ ਫਿਰ ਦੋਸਤ ਦੇ ਘਰ ਵੱਲ ਜਾਣ ਲਈ ਮਜ਼ਬੂਰ ਕਰ ਦਿੱਤਾ ਸੀ।

ਉਹ ਆਪਣੇ ਦੋਸਤ ਦੇ ਘਰ ਵੜਿਆ ਹੀ ਸੀ ਕਿ ਉਹ ਸਾਹਮਣੇ ਖੜ੍ਹਾ ਕਿਤੇ ਬਾਹਰ ਜਾਣ ਲਈ ਤਿਆਰ ਹੋ ਰਿਹਾ ਸੀ। ਦੋਸਤ ਨੇ ਰਸਮੀ ਸੁੱਖ ਸਾਂਦ ਪੁੱਛ ਕੇ ਉਸਦੇ ਆਉਣ ਦਾ ਕਾਰਨ ਜਾਨਣਾ ਚਾਹਿਆ। ਰਤਨ ਸਿੰਘ ਨੇ ਝਿਜਕਦੇ ਜਿਹੇ ਆਪਣਾ ਕੰਮ ਦੱਸਿਆ। ਦੋਸਤ ਨੇ ਬੈਗ ਵਿੱਚ ਹੱਥ ਮਾਰਿਆ ਅਤੇ ਦਸ ਹਜ਼ਾਰ ਰੁਪਏ ਦੀ ਗੁੱਟੀ ਉਸ ਦੇ ਹੱਥ ਫੜਾ ਦਿੱਤੀ।

# ਮਗਰਮੱਛ

ਵਜੀਰ ਸਾਹਿਬ ਦੀ ਵਜੀਰੀ ਤਾਂ ਭਾਂਵੇਂ ਦੋ ਸਾਲ ਹੀ ਚੱਲੀ ਸੀ ਪਰ ਉਨ੍ਹਾਂ ਦੀ ਕੋਠੀ ਨੂੰ ਵੇਖਕੇ ਤਾਂ ਮੂੰਹ ਅੱਡਿਆ ਹੀ ਰਹਿ ਜਾਂਦਾ ਸੀ। ਕੋਠੀ ਦੇ ਇੱਕ ਪਾਸੇ ਸੰਗਮਰਮਰ ਨਾਲ ਬਣਿਆ ਸਵਿੰਮਿੰਗ ਪੂਲ ਸੀ ਅਤੇ ਦੂਜੇ ਪਾਸੇ ਬਾਹਰਲੇ ਘਾਹ ਦੇ ਹਰੇ ਲਾਅਨ ਸਨ। ਸਾਰਾ ਚੁਗਿਰਦਾ ਫਲਾਂ, ਫੁੱਲਾਂ ਅਤੇ ਪੌਦਿਆਂ ਨਾਲ ਮਹਿਕ ਰਿਹਾ ਸੀ।

ਕੋਠੀ ਵਿੱਚ ਅਣਗਿਣਤ ਕਮਰੇ ਸਨ ਅਤੇ ਹਰ ਕਮਰੇ ਦਾ ਫਰਸ਼ ਸੁੰਦਰ ਗਲੀਚਿਆਂ ਨਾਲ ਢੱਕਿਆ ਹੋਇਆ ਸੀ। ਗਰਮੀਆਂ ਲਈ ਏ.ਸੀ. ਅਤੇ ਸਰਦੀਆਂ ਲਈ ਹੀਟਰਾਂ ਦਾ ਹਰ ਬੈੱਡ-ਰੂਮ ਵਿੱਚ ਪ੍ਰਬੰਧ ਸੀ। ਵਿਸ਼ੇਸ਼ ਕਮਰਿਆਂ ਵਿੱਚ ਸਾਰਾ ਸਾਮਾਨ ਬੜੀ ਸੁਚੱਜੀ ਵਿਉਂਤ ਅਨੁਸਾਰ ਰੱਖਿਆ ਗਿਆ ਸੀ। ਜੋ ਅਜੋਕੇ ਸਮੇਂ ਵਿੱਚ ਉਪਲੱਬਧ ਹੋ ਸਕਦਾ ਸੀ।

ਕੋਠੀ ਵਿੱਚ ਨਿੱਤ ਨਵੀਆਂ ਦਾਹਵਤਾਂ ਹੁੰਦੀਆਂ ਰਹਿੰਦੀਆਂ ਸਨ। ਅਜਿਹੀ ਇੱਕ ਖਾਸ ਦਾਹਵਤ ਵਿੱਚ ਇੱਕ ਸੁਲਝੇ ਮਹਿਮਾਨ ਨੇ ਵਿਅੰਗ ਨੂੰ ਮਿਠਾਸ ਵਿੱਚ ਲਪੇਟ ਕੇ ਕੋਠੀ ਦੀ ਤਾਰੀਫ ਕੀਤੀ, ''ਸਰਦਾਰ ਸਾਹਿਬ ਉਪਰਲੇ ਸਵਰਗ ਦੀਆਂ ਗੱਲਾਂ ਤਾਂ ਆਮ ਸੁਣਦੇ ਆਏ ਸੀ ਪਰ ਧਰਤੀ ਉੱਤੇ ਸਵਰਗ ਅੱਜ ਪਹਿਲੀ ਵਾਰ ਹੀ ਵੇਖਿਆ ਏ।''

''ਬਸ ਜੀ ਸਮਝ ਲਓ ਤੁਹਾਡੇ ਜਿਹੇ ਮਹਿਮਾਨਾਂ ਦੀ ਮਿਹਰ ਸਦਕਾ ਗੁਜਾਰਾ ਜਿਹਾ ਕਰਨ ਦਾ ਸਾਧਨ ਬਣਾ ਲਿਆ ਏ।''

ਜਾਪਦਾ ਸੀ ਮਗਰਮੱਛਾਂ ਨੇ ਹੰਝੂ ਵਹਾਉਣ ਦੇ ਨਾਲ ਹੁਣ ਨਿਵਣਾ ਵੀ ਸਿੱਖ ਲਿਆ ਏ।

# ਜਨਾਜ਼ਾ

ਵੋਟਾਂ ਦੀ ਗਿਣਤੀ ਅਰੰਭ ਹੋ ਚੁੱਕੀ ਸੀ। ਪਾਰਟੀਆਂ ਦੇ ਏਜੰਟਾਂ ਵਿੱਚ ਤਕਰਾਰ ਵਧਦੇ ਜਾ ਰਹੇ ਸਨ। ਗਿਣਤੀ ਦਾ ਪਹਿਲਾ ਗੇੜ ਖਤਮ ਹੋਣ ਉੱਤੇ ਸੱਤਾਧਾਰੀ ਪਾਰਟੀ ਦਾ ਉਮੀਦਵਾਰ ਦੋ ਹਜਾਰ ਵੋਟਾਂ ਨਾਲ ਪੱਛੜ ਰਿਹਾ ਸੀ। ਏਜੰਟਾਂ ਵਿੱਚ ਦੂਸ਼ਨ ਅਤੇ ਪ੍ਰਤੀ ਦੂਸ਼ਨ ਹੋਰ ਵੱਧ ਗਏ ਸਨ। ਇੱਕ ਦੋ ਵਾਰੀ ਤਾਂ ਹੱਥੋ ਪਾਈ ਵੀ ਹੋ ਚੁੱਕੀ ਸੀ। ਦੂਜੇ ਗੇੜ ਦੀ ਗਿਣਤੀ ਦੇ ਨਤੀਜੇ ਦਾ ਐਲਾਣ ਹੁੰਦਿਆਂ ਹੀ ਰਾਜ ਕਰਦੀ ਪਾਰਟੀ ਦੀਆਂ ਕਲਗੀਆਂ ਡਿੱਗਣ ਲੱਗ ਪਈਆਂ ਸਨ। ਵੋਟਾਂ ਦੀ ਗਿਣਤੀ ਵਿੱਚ ਕੋਈ ਰੁਕਾਵਟ ਪਾਉਣ ਲਈ ਹੁਣ ਕਿਸੇ ਘਟਨਾ ਦੇ ਬਹਾਨੇ ਦੀ ਉਡੀਕ ਹੀ ਬਾਕੀ ਰਹਿ ਗਈ ਸੀ।

ਤੀਜੇ ਗੇੜ ਦੀ ਗਿਣਤੀ ਪਿੱਛੋਂ ਵਜੀਰ ਦੀ ਕੁਰਸੀ ਉੱਤੇ ਬੈਠਾ ਲੀਡਰ ਪੰਜ ਹਜਾਰ ਤੋਂ ਵੱਧ ਵੋਟਾਂ ਨਾਲ ਹਾਰ ਰਿਹਾ ਸੀ। ਗਿਣਤੀ ਹਾਲ ਵਿੱਚ ਨਾਹਰੇ ਲੱਗਣੇ ਅਰੰਭ ਹੋ ਗਏ ਸਨ। ਉੱਚ-ਲੀਡਰ ਸ਼ਾਂਤੀ ਸਥਾਪਿਤ ਕਰਨ ਦੇ ਬਨਾਉਟੀ ਯਤਨ ਕਰ ਰਹੇ ਸਨ। ਜੈਕਾਰੇ ਦੀ ਗੂੰਜ ਨਾਲ ਘਸੁੱਣ ਮੁੱਕੀਆਂ ਚਲ ਪਈਆਂ ਸਨ ਅਤੇ ਪੱਗਾਂ, ਟੋਪੀਆਂ ਹਵਾ ਵਿੱਚ ਉੱਛਲ ਰਹੀਆਂ ਸਨ। ਵੋਟਾਂ ਨੂੰ ਪਾੜਿਆ ਜਾ ਰਿਹਾ ਸੀ ਅਤੇ ਉਨ੍ਹਾਂ ਨੂੰ ਪਾੜਕੇ ਛੱਤ ਵੱਲ ਸੁੱਟਿਆ ਜਾ ਰਿਹਾ ਸੀ।

ਪੁਲਿਸ ਬੂਹਿਆਂ ਵਿੱਚ ਤਨੀ, ਇਕੱਠ ਨੂੰ ਅੰਦਰ ਵੜਨ ਤੋਂ ਰੋਕਣ ਵਿੱਚ ਰੁੱਝੀ ਹੋਈ ਸੀ। ਲੋਕ-ਰਾਜ ਦਾ ਜਨਾਜ਼ਾ ਤਾਂ ਅੰਦਰ ਨਿਕਲ ਰਿਹਾ ਸੀ, ਪਰ ਲੋਕ ਪਿੱਟ ਬਾਹਰ ਰਹੇ ਸਨ।

# ਸੁਨਹਿਰੀ ਅਸੂਲ

ਨਵੀਂ ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਉੱਤਰ ਕੇ ਕੀਮਤੀ ਸਾੜ੍ਹੀ ਵਿੱਚ ਸਜੀ ਜਨਾਨੀ, ਬਾਹਰ ਖੜ੍ਹੀ ਟੈਕਸੀ ਵੱਲ ਵਧ ਰਹੀ ਸੀ। ਟੈਕਸੀ ਵਿੱਚ ਬੈਠੇ ਡਰਾਇਵਰਾਂ ਨੇ ਉਸ ਨੂੰ ਦੂਰੋਂ ਆਉਂਦੀ ਨੂੰ ਪਹਿਲਾਂ ਹੀ ਵੇਖ ਲਿਆ ਸੀ ਕਿ ਇਹ ਉਹੀ ਚੁਸਤ ਚਲਾਕ ਔਰਤ ਏ ਜੋ ਸਾਰੇ ਰਾਹ ਬੋਲਕੇ ਸਿਰ ਤਾਂ ਖਾਂਦੀ ਹੀ ਏ ਨਾਲ ਪੈਸੇ ਵੀ ਘੱਟ ਸੁੱਟ ਕੇ ਟੁਰ ਜਾਂਦੀ ਏ।

'ਕਨਾਟ ਪਲੇਸ ਪਲੀਜ।'

ਡਰਾਇਵਰ ਨੇ ਤਾਕੀ ਖੋਲ੍ਹੀ ਅਤੇ ਨਾਲ ਹੀ ਹੱਥ ਦੇ ਇਸ਼ਾਰੇ ਨਾਲ ਆਪਣੇ ਗੂੰਗਾ ਅਤੇ ਬਹਿਰਾ ਹੋਣ ਦਾ ਸੰਕੇਤ ਦਿੱਤਾ।

ਜਨਾਨੀ ਆਪਣੀ ਆਦਤ ਦੇ ਉਲਟ, ਚੁੱਪ ਬੈਠੀ ਕੁੱਝ ਬੇਚੈਨੀ ਜਿਹੀ ਅਨੁਭਵ ਕਰ ਰਹੀ ਸੀ। ਉਹ ਬੋਲੇ ਵੀ ਤਾਂ ਕਿਸ ਨਾਲ। ਫਿਰ ਉਹ ਸੋਚਣ ਲੱਗੀ ਕਿ ਬਹਿਰੇ ਡਰਾਇਵਰ ਨੂੰ ਕਿਵੇਂ ਪਤਾ ਲੱਗਿਆ ਕਿ ਉਸ ਨੇ ਕਿੱਥੇ ਜਾਣਾ ਏ। ਟੈਕਸੀ ਝਟਕੇ ਨਾਲ ਕਨਾਟ ਪਲੇਸ ਰੁਕ ਗਈ ਸੀ। ਉਸ ਨੇ ਕਰਾਏ ਬਾਰੇ ਪੁੱਛਣ ਤੇ ਡਰਾਇਵਰ ਨੇ ਮੀਟਰ ਵੱਲ ਇਸ਼ਾਰਾ ਕਰ ਦਿੱਤਾ।

'ਤੁਸੀਂ ਬਹਿਰੇ ਨਹੀਂ ਹੋ।' ਉਸ ਕਰਾਇਆ ਫੜਾਉਂਦੀ ਨੇ ਕਿਹਾ।

'ਮੈਂ ਗੂੰਗਾ ਵੀ ਨਹੀਂ ਹਾਂ।' ਡਰਾਇਵਰ ਨੇ ਸਲਾਮ ਬੁਲਾਈ।

ਉਹ ਆਪਣੇ ਬੁੱਲ੍ਹਾਂ ਉੱਤੇ ਉਂਗਲੀ ਰੱਖਕੇ ਅੱਗੇ ਟੁਰ ਗਿਆ, ਜਿਵੇਂ ਚੁੱਪ ਰਹਿਣ ਦਾ ਸੁਨਹਿਰੀ ਅਸੂਲ ਦੱਸ ਗਿਆ ਹੋਵੇ।

# ਕੁਚੀਲ ਮੌਤ

ਅੱਜ ਦਾ ਖੋਲਾ ਕਦੇ ਸਰਦਾਰਾਂ ਦਾ ਘਰ ਵਜਦਾ ਸੀ। ਸੌ ਕਿੱਲੇ ਜ਼ਮੀਨ ਦੋ ਮੋਘਿਆਂ ਉੱਤੇ ਪੈਂਦੀ ਸੀ ਅਤੇ ਦੂਹਰੀਆਂ ਹਵੇਲੀਆਂ ਵਿੱਚ ਪਰਿਵਾਰ ਘੁੱਗ ਵਸਦਾ ਸੀ। ਘਰ ਵਿੱਚ ਉਹ ਸਭ ਚੀਜਾਂ ਹਾਜ਼ਰ ਸਨ ਜੋ ਉਸ ਸਮੇਂ ਚੰਗੇ ਘਰਾਂ ਵਿੱਚ ਹੋਣੀਆਂ ਜਰੂਰੀ ਸਮਝੀਆਂ ਜਾਂਦੀਆਂ ਸਨ।

ਘਰ ਦੀ ਤਬਾਹੀ ਉਸ ਦਿਨ ਤੋਂ ਹੀ ਆਰੰਭ ਹੋ ਗਈ ਸੀ ਜਦ ਘਰ ਦੀ ਸੱਜ ਵਿਆਹੀ ਨੂੰਹ ਇੱਕ ਮਹੀਨੇ ਦੇ ਅੰਦਰ ਹੀ ਫਾਹਾ ਲੈ ਕੇ ਮਰ ਗਈ ਸੀ। ਕੋਈ ਇਸ ਨੂੰ ਭਾਣਾ ਕਹਿੰਦਾ ਸੀ, ਕੋਈ ਕਾਰਾ ਅਤੇ ਬਹੁਤੇ ਇਸ ਨੂੰ ਘਰ ਦੀ ਬਰਬਾਦੀ ਕਹਿੰਦੇ ਸਨ।

ਪਰਿਵਾਰ ਮੌਤ ਦੇ ਕਾਰਨ ਲਭਦਾ, ਸ਼ੱਕਾਂ ਵਿੱਚ ਉਲਝ ਕੇ ਰਹਿ ਗਿਆ ਸੀ। ਸਭ ਦੇ ਵਿਸ਼ਵਾਸ ਤਿੜਕ ਗਏ ਸਨ ਅਤੇ ਫੁੱਟ ਨੇ ਹਰ ਦਿਲ ਵਿੱਚ ਪੈਰ ਪਸਾਰ ਲਏ ਸਨ। ਖੂਨ ਦਾ ਮੁਕਦਮਾ ਲੰਮਾ ਹੋ ਰਿਹਾ ਸੀ ਅਤੇ ਪਰਿਵਾਰ ਦੇ ਮੁੱਖ ਮੈਂਬਰਾਂ ਨੂੰ ਆਪਣੀ ਲਪੇਟ ਵਿੱਚ ਲੈਂਦਾ ਜਾ ਰਿਹਾ ਸੀ। ਗਮਦੂਰ ਕਰਨ ਲਈ ਘਰ ਵਿੱਚ ਦਿਨ ਦਾ ਅਰੰਭ ਸਦਾ ਸ਼ਰਾਬ ਨਾਲ ਹੁੰਦਾ ਸੀ, ਦੁਪਹਿਰ ਤੱਕ ਕਬਾਬ ਸਾਥ ਦਿੰਦਾ ਸੀ ਅਤੇ ਮੂੰਹ ਹਨੇਰਾ ਹੁੰਦਿਆਂ ਹੀ ਸ਼ਬਾਬ ਵੀ ਨਾਲ ਆ ਰਲਦਾ ਸੀ।

ਜ਼ਮੀਨ ਗਹਿਣਿਆਂ ਤੋਂ ਅਰੰਭ ਹੋ ਕੇ ਬੈਆਂ ਵਿੱਚ ਸਮਾਪਤ ਹੋ ਗਈ ਸੀ। ਹਵੇ ਲੀਆਂ ਨਿਆਈ ਦੇ ਕੱਚੇ ਕੋਠਿਆਂ ਵਿੱਚ ਬਦਲ ਗਈਆਂ ਸਨ। ਉੱਚੀਆਂ ਸ਼ਾਨਾਂ ਵਾਲੇ ਸਰਦਾਰ ਮਜ਼ਦੂਰ ਜਾਂ ਸੀਰੀ ਹੋਕੇ ਰਹਿ ਗਏ ਸਨ।

ਇੱਕ ਕੁਚੀਲ ਮੌਤ ਹਸਦੀ ਜ਼ਿੰਦਗੀ ਦੇ ਹੱਡੀਂ ਬਹਿ ਗਈ ਸੀ

# ਚੀਕ

ਉਸ ਦੇ ਪਤੀ ਦੀ ਕਾਰਗਿਲ ਮੋਰਚੇ ਉੱਤੇ ਹੋਈ ਸ਼ਹਾਦਤ ਦੀ ਸੂਚਨਾ ਘਰ ਪਹੁੰਚ ਚੁੱਕੀ ਸੀ। ਅੱਜ ਸ਼ਹੀਦ ਦੀ ਮ੍ਰਿਤਕ ਦੇਹ ਪਿੰਡ ਪੁੱਜ ਰਹੀ ਸੀ। ਉਸ ਨੂੰ ਦੁਲਹਣ ਵਾਂਗ ਉਸੇ ਤਰ੍ਹਾਂ ਸਜਾਇਆ ਗਿਆ ਜਿਵੇਂ ਤਿੰਨ ਮਹੀਨੇ ਪਹਿਲਾਂ ਉਸ ਨੂੰ ਸੁਹਾਗ ਰਾਤ ਲਈ ਤਿਆਰ ਕੀਤਾ ਗਿਆ ਸੀ।

ਉਹ ਪੱਥਰ ਦੀ ਬਣੀ ਸਭ ਕੁਝ ਕਰਦੀ ਜਾ ਰਹੀ ਸੀ, ਜੋ ਉਸ ਦੇ ਸੌਹਰੇ ਉਸ ਨੂੰ ਕਰਨ ਲਈ ਕਹਿ ਰਹੇ ਸਨ। ਉਸ ਨੇ ਮ੍ਰਿਤਕ ਦੇਹ ਦੇ ਬਕਸੇ ਦਾ ਸਵਾਗਤ ਕੀਤਾ, ਫੁੱਲਾਂ ਦਾ ਹਾਰ ਚੜ੍ਹਾ ਕੇ ਆਪਣੀ ਸ਼ਰਧਾ ਪ੍ਰਗਟਾਈ, ਹੰਝੂ-ਰਹਿਤ ਅੱਖਾਂ ਨਾਲ ਬੁੱਤ ਵਾਂਗ ਇੱਕ ਟੱਕ ਬਕਸੇ ਵੱਲ ਵੇਖਦੀ ਰਹੀ ਅਤੇ ਨੰਗੇ ਪੈਰੀਂ ਪਤੀ ਦੀ ਮਜ਼ਲਸ ਨਾਲ ਸ਼ਾਮਲ ਹੋਈ।

ਲੋਕ ਸੋਚ ਰਹੇ ਸਨ ਕਿ ਉਸ ਨੂੰ ਆਪਣੇ ਪਤੀ ਦੀ ਕੁਰਬਾਨੀ ਉੱਤੇ ਕਿੰਨਾ ਮਾਨ ਏ। ਉਸ ਦੇ ਹੌਸਲੇ ਦੀ ਦਾਤ ਦੇ ਰਹੇ ਸਨ ਅਤੇ ਉਸ ਦੇ ਸਬਰ ਨੂੰ ਸੀਸ ਝੁਕਾ ਰਹੇ ਸਨ। ਸਭ ਤਿਆਰੀਆਂ ਹੋ ਚੁੱਕੀਆਂ ਸਨ ਬਸ ਚਿਤਾ ਨੂੰ ਅੱਗ ਵਖਾਉਣੀ ਬਾਕੀ ਸੀ। ਸਾਰੇ ਰਿਸਤੇਦਾਰ ਅਤੇ ਫੌਜੀ ਅਫਸਰ ਸਿਰ ਝੁਕਾਈ ਖੜ੍ਹੇ ਸਨ। ਫੌਜੀ ਦਸਤੇ ਨੇ ਸਲਾਮੀ ਦੇ ਕੇ ਹਥਿਆਰ ਪੁੱਠੇ ਕਰ ਲਏ ਸਨ। ਵਿਗਲ ਦੀ ਮਾਤਮੀ ਧੁੰਨ ਵਿੱਚ ਚਿਤਾ ਜਲ ਉੱਠੀ ਸੀ।

ਉਸ ਦੇ ਕਰਨ ਵਾਲਾ ਅਜੇ ਬੜਾ ਕੁਝ ਬਾਕੀ ਸੀ। ਉਸ ਦੇ ਹੰਝੂ ਵਹਿ ਤੁਰੇ, ਅੱਗ ਦੇ ਭਾਂਬੜ ਉਸ ਦੇ ਅੰਦਰ ਮੱਚ ਉੱਠੇ। ਇੱਕ ਹਿਰਦੇ ਵੇਧਕ 'ਚੀਕ' ਗੂੰਜੀ ਅਤੇ ਉਹ ਬੇਹੋਸ਼ ਹੋ ਕੇ ਡਿੱਗ ਪਈ।

# ਹੱਥ ਪੀਲੇ

ਆਪਣੇ ਪਿਤਾ ਦੀ ਅਚਾਨਕ ਮੌਤ ਪਿੱਛੋਂ ਘਰ ਦੀ ਕਬੀਲਦਾਰੀ ਦਾ ਸਾਰਾ ਬੋਝ ਹੁਣ ਗਰੀਬ ਸਿੰਘ ਦੇ ਮੋਢਿਆਂ ਉੱਤੇ ਆਣ ਪਿਆ ਸੀ। ਉਸਨੇ ਪਰਿਵਾਰ ਦੀ ਪੇਟ ਪੂਰਤੀ ਲਈ ਕਈ ਪਾਪੜ ਬੇਲੇ ਪਰ ਕਮਾਈ ਅਤੇ ਖਰਚੇ ਨੂੰ ਉਹ ਕਦੇ ਵੀ ਬਰਾਬਰ ਨਾ ਕਰ ਸਕਿਆ। ਹਰ ਸਾਲ ਕਰਜ਼ੇ ਵਿੱਚ ਵਾਧਾ ਹੋ ਜਾਂਦਾ ਸੀ। ਤੰਗ ਆ ਕੇ ਉਹ ਫੌਜ ਵਿੱਚ ਭਰਤੀ ਹੋ ਗਿਆ। ਘਰ ਦਾ ਗੁਜਾਰਾ ਤਾਂ ਹੋ ਰਿਹਾ ਸੀ, ਹੁਣ ਉਸ ਨੂੰ ਵਧੇਰੇ ਫਿਕਰ ਆਪਣੀਆਂ ਦੋਵੇਂ ਭੈਣਾਂ ਦੇ ਵਿਆਹ ਦਾ ਸੀ।

ਕਾਰਗਿਲ ਦੇ ਸ਼ਹੀਦ ਗਰੀਬ ਸਿੰਘ ਦਾ ਸ਼ਰਧਾਂਜਲੀ ਸਮਾਰੋਹ ਚਲ ਰਿਹਾ ਸੀ। ਉਸ ਦੀ ਮਾਤਾ ਨੂੰ ਦੋ ਲੱਖ ਦਾ ਚੈੱਕ ਤਾਂ ਦਿੱਤਾ ਹੀ ਜਾਣਾ ਸੀ ਨਾਲ ਹੋਰ ਮਿਲਣ ਵਾਲੀਆਂ ਸਹੂਲਤਾਂ ਦਾ ਐਲਾਣ ਕੀਤੇ ਜਾਣ ਦੀ ਵੀ ਸੰਭਾਵਨਾ ਸੀ।

ਉਸ ਦੀ ਮਾਤਾ ਨੇ ਗੁਰੂ ਗ੍ਰੰਥ ਸਾਹਿਬ ਦੀ ਥਾਂ ਆਪਣੇ ਪੁੱਤਰ ਦੀ ਫੋਟੋ ਅੱਗੇ ਪੰਜ ਦਾ ਨੋਟ ਰੱਖਕੇ ਮੱਥਾ ਟੇਕਿਆ। ਗੋਡਿਆਂ ਪਰਨੇ ਹੋਕੇ ਪੁੱਤਰ ਨੂੰ ਅਸੀਸ ਦਿੱਤੀ, ''ਸ਼ਾਬਾਸ਼ੇ ਪੁੱਤਰਾ ਦੇਸ਼ ਉੱਤੋਂ ਤੇਰਾ ਤਨ, ਮਨ ਵਾਰਿਆ ਅਜਾਂਈ ਨਹੀਂ ਗਿਆ........ਵੇਖ ਤੇਰੇ ਧੰਨ ਨਾਲ ਹੁਣ ਤੇਰੀਆਂ ਭੈਣਾਂ ਦੇ ਹੱਥ ਪੀਲੇ ਵੀ ਹੋ ਜਾਣਗੇ।''

# ਹਾਏ! ਬਾਪੂ

ਤਿੰਨ ਸਾਲ ਦਾ ਬੱਚਾ ਆਪਣੀ ਬੰਦੂਕ ਮੋਢੇ ਉੱਤੇ ਰੱਖੀ ਸ਼ਹੀਦ ਦੇ ਬਕਸੇ ਸਰਹਾਣੇ ਖੜ੍ਹਾ ਕਹਿ ਰਿਹਾ ਸੀ,''ਮੈਂ ਵੱਡਾ ਹੋ ਕੇ ਫੌਜੀ ਬਨੂੰਗਾ ਦੁਸ਼ਮਣਾ ਨੂੰ ਮਾਰਕੇ ਦੇਸ਼ ਬਚਾਵਾਂਗਾ.....।''

ਬੱਚੇ ਨੂੰ ਜੋ ਕੁਝ ਵੱਡੇ ਬੋਲਣ ਲਈ ਕਹਿ ਰਹੇ ਸਨ, ਉਹ ਉਸੇ ਤਰ੍ਹਾਂ ਬੋਲਦਾ ਜਾ ਰਿਹਾ ਸੀ। ਇਹ ਸਭ ਕੁਝ ਕੀ ਹੋ ਰਿਹਾ ਸੀ, ਉਸ ਨੂੰ ਕੁਝ ਵੀ ਪਤਾ ਨਹੀਂ ਸੀ। ਉਹ ਤਾਂ ਖੁਸ਼ ਸੀ ਕਿਉਂਕਿ ਉਹ ਸਭ ਦੀਆਂ ਨਜ਼ਰਾਂ ਦਾ ਕੇਂਦਰ ਬਣਿਆ ਹੋਇਆ ਸੀ। ਸਾਰੇ ਉਸ ਨੂੰ ਪਿਆਰ ਕਰਨ ਦੇ ਨਾਲ ਨਾਲ ਸ਼ਾਬਾਸ਼ ਵੀ ਦੇ ਰਹੇ ਸਨ।

ਚਿਤਾ ਤਿਆਰ ਹੋ ਗਈ ਸੀ। ਬਿਗਲ ਦੀ ਮਾਤਮੀ ਧੁੰਨ ਵੱਜਣ ਨਾਲ ਬੱਚੇ ਨੂੰ ਅੱਗ ਦੇਣ ਲਈ ਕਿਹਾ ਗਿਆ।

''ਮੈਂ ਕਿਉਂ ਅੱਗ ਲਾਵਾਂ?'' ਬੱਚਾ ਠਠੰਬਰ ਗਿਆ।

''ਇਸ ਵਿੱਚ ਤੇਰਾ ਬਾਪੂ ਏ.....ਮਰੇ ਬਾਪੂ ਨੂੰ ਪੁੱਤ ਹੀ ਅੱਗ ਲਾਉਂਦੇ ਨੇ' ਕਿਸੇ ਸਿਆਣੇ ਨੇ ਕਿਹਾ।

''ਹਾਏ! ਬਾਪੂ........।'' ਬੱਚੇ ਨੇ ਬੰਦੂਕ ਸੁੱਟਕੇ ਚੀਕ ਮਾਰੀ ਅਤੇ ਧਾਹਾਂ ਮਾਰ ਕੇ ਰੋਣ ਲੱਗ ਗਿਆ।

# ਸਮਾਰੋਹ

ਸਰੋਜ ਦਾ ਪਤੀ ਬਟਾਲਿਕ ਸੈਕਟਰ ਵਿੱਚ ਸ਼ਹੀਦ ਹੋ ਗਿਆ ਸੀ। ਫੌਜੀ ਸਨਮਾਨਾਂ ਨਾਲ ਉਸਦੇ ਅੰਤਮ-ਸੰਸਕਾਰ ਹੋਏ ਨੂੰ ਦਸ ਦਿਨ ਹੋ ਗਏ ਸਨ। ਪਿੰਡ ਵਿੱਚ ਅੱਜ ਸਿਆਸੀ ਸਮਾਰੋਹ ਹੋਣ ਜਾ ਰਿਹਾ ਸੀ। ਘਰ ਵਿੱਚ ਮਾਤਮ ਵਾਲੀ ਕੋਈ ਗੱਲ ਨਹੀਂ ਸੀ। ਹਰ ਰਿਸਤੇਦਾਰ ਵਿਆਹ ਵਾਂਗ ਇੱਕ ਜਾਂ ਦੂਜੇ ਕੰਮ ਵਿੱਚ ਰੁੱਝਾ ਹੋਇਆ ਸੀ।

ਸਰੋਜ ਦਾ ਮਨ ਭਰਿਆ ਹੋਇਆ ਸੀ। ਜੋ ਕੁਝ ਉਸ ਤੋਂ ਕਰਵਾਇਆ ਜਾ ਰਿਹਾ ਸੀ, ਉਹ ਕਰਦੀ ਜਾ ਰਹੀ ਸੀ। ਜੋ ਕੁਝ ਉਸ ਨੂੰ ਕਹਿਣ ਜਾਂ ਦੱਸਣ ਲਈ ਹੁਕਮ ਹੋ ਰਹੇ ਸਨ, ਉਹ ਟੇਪ ਰਿਕਾਰਡ ਵਾਂਗ ਉਸੇ ਤਰ੍ਹਾਂ ਬੋਲਦੀ ਜਾ ਰਹੀ ਸੀ। ਉਸ ਦਾ ਅੰਦਰ ਪੱਛਿਆ ਪਿਆ ਸੀ। ਉਸ ਦੀ ਅੰਦਰਲੀ ਆਵਾਜ ਪੈਰ, ਪੈਰ ਉੱਤੇ ਉਸ ਦਾ ਵਿਰੋਧ ਕਰ ਰਹੀ ਸੀ। ਉਹ ਘਰ ਦੀ ਮਾਨ-ਮਰਯਾਦਾ ਅਨੁਸਾਰ ਚੱਲਣ ਦਾ ਹਰ ਸੰਭਵ ਯਤਨ ਕਰ ਰਹੀ ਸੀ। ਉਸਦੇ ਅੰਦਰ ਇੱਕ ਵਿਰੋਧ ਉਸਲ ਵੱਟੇ ਲੈ ਰਿਹਾ ਸੀ। ਉਸ ਦਾ ਸਬਰ ਚਰਮ ਸੀਮਾ ਨੂੰ ਪਹੁੰਚਣ ਦੇ ਨੇੜੇ ਪੁੱਜ ਗਿਆ ਸੀ।

ਸ਼ਰਧਾਂਜਲੀ ਸਮਾਰੋਹ ਚਲ ਰਿਹਾ ਸੀ ਅਤੇ ਲੀਡਰ ਪੁੱਠੇ ਸਿੱਧੇ ਐਲਾਣ ਕਰ ਰਹੇ ਸਨ। ਬਹਾਦਰੀ ਦੇ ਪੁਲ ਬੰਨ੍ਹਣ ਨਾਲ ਮਗਰ ਮੱਛੀ ਹੰਝੂ ਵੀ ਵਹਾਏ ਜਾ ਰਹੇ ਸਨ। ਵਿਧਵਾ ਦੀ ਲੰਮੀ ਅਤੇ ਕਠਨ ਜਿੰਦਗੀ ਬਾਰੇ ਉਨ੍ਹਾਂ ਕੋਲ ਇੱਕ ਵੀ ਸ਼ਬਦ ਨਹੀਂ ਸੀ।

ਸਰੋਜ ਦੇ ਦਿਲ ਵਿੱਚ ਭਾਂਬੜ ਮੱਚ ਰਹੇ ਸਨ ਅਤੇ ਉਸ ਦੀ ਸੋਚ ਵਿੱਚ ਬਗਾਵਤ ਸਿਰ ਚੁੱਕ ਰਹੀ ਸੀ। ਉਸ ਨੂੰ ਦਿੱਤੀ ਜਾਣ ਵਾਲੀ ਦੋ ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਬੜੇ ਹੀ ਵਿਖਾਵੇ, ਅਹਿਸਾਨ ਅਤੇ ਘਮੰਡ ਨਾਲ ਉਸ ਨੂੰ ਦਿੱਤਾ ਗਿਆ। ਉਸ ਦਾ ਸਬਰ, ਰੋਹ ਵਿੱਚ ਬਦਲ ਗਿਆ। ਉਸ ਨੇ ਚੈੱਕ ਦੇ ਟੁਕੜੇ ਕਰਕੇ ਦੇਣ ਵਾਲੇ ਦੇ ਮੂੰਹ ਉੱਤੇ ਦੇਹ ਮਾਰੇ।

''ਮੇਰਾ ਪਤੀ ਜਰੂਰ ਮਰਿਆ, ਪਰ ਮੇਰਾ ਸਵੈਮਾਣ ਨਹੀਂ।''

ਉਹ ਸਮਾਰੋਹ ਵਿਚੋਂ ਬਾਹਰ ਜਾ ਰਹੀ ਸੀ।

# ਸਾਹਾ

ਪਤੀ ਦੀ ਕਾਰਗਿਲ ਵਿੱਚ ਹੋਈ ਅਚਾਨਕ ਮੌਤ ਨੇ ਗੁਰਨਾਮੀ ਨੂੰ ਪੱਥਰ ਹੀ ਤਾਂ ਕਰ ਦਿੱਤਾ ਸੀ। ਕੱਲ੍ਹ ਜਿਹੜੀ ਹਿੰਮਤੀ ਔਰਤ ਪਤੀ ਦੀ ਗੈਰ ਹਾਜਰੀ ਵਿੱਚ ਆਪਣੀ ਧੀ ਦੇ ਧਰੇ ਵਿਆਹ ਦੀਆਂ ਤਿਆਰੀਆਂ ਵਿੱਚ ਦਿਨ ਰਾਤ ਭੱਜੀ ਫਿਰ ਰਹੀ ਸੀ, ਅੱਜ ਚੁੱਪ ਦੀ ਗੰਢੜੀ ਬਣਕੇ ਰਹਿ ਗਈ ਸੀ। ਉਸ ਦੀਆਂ ਅੱਖਾਂ ਵਿੱਚ ਨਾ ਕੋਈ ਹੰਝੂ ਸੀ ਅਤੇ ਨਾ ਹੀ ਜੀਭ ਉੱਤੇ ਕੋਈ ਸ਼ਬਦ। ਇਸ ਹਿਰਦੇ ਵੇਧਕ ਸਦਮੇ ਨੇ ਉਸ ਨੂੰ ਜਿੰਦਾ ਲੋਥ ਬਣਾ ਦਿੱਤਾ ਸੀ।

ਅਰਥੀ ਨੂੰ ਚੁੱਕਣ ਦੀਆਂ ਤਿਆਰੀਆਂ ਹੋ ਰਹੀਆਂ ਸਨ ਕਿ ਗੁਰਨਾਮੀ ਇੱਕ ਦਮ ਖੜ੍ਹੀ ਹੋ ਗਈ, ਜਿਵੇਂ ਉਸ ਨੂੰ ਕੁਝ ਯਾਦ ਆ ਗਿਆ ਹੋਵੇ। ਜਨਾਨੀਆਂ ਨੇ ਉਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਉਹ ਰੁਕੀ ਨਹੀਂ।

'ਤੁਸੀਂ ਆਪਣੇ ਮੁਰਦੇ ਨੂੰ ਬਿੱਲੇ ਲਾਓ, ਮੈਂ ਆਪਣੀ ਧੀ ਦੀਆਂ ਟੂਮਾਂ ਬਾਰੇ ਸੁਨਿਆਰੇ ਨੂੰ ਤਕੀਦ ਕਰ ਆਵਾਂ, ਹੁਣ ਸਾਹੇ ਵਿੱਚ ਦਿਨ ਵੀ ਕਿਹੜੇ ਰਹਿ ਗਏ ਨੇ।' ਉਹ ਜਨਾਨੀਆਂ ਨੂੰ ਪਾਸੇ ਧੱਕਦੀ ਪਾਗਲਾਂ ਵਾਂਗ ਭੱਜੀ ਜਾਂਦੀ ਘਰ ਦਾ ਬੂਹਾ ਪਾਰ ਕਰ ਗਈ।

# ਆਖਰੀ ਚੀਕ

ਲੋਕ ਨਿਰਦਈ ਨਹੀਂ ਹੋਏ ਸਨ ਅਤੇ ਨਾ ਹੀ ਉਨ੍ਹਾਂ ਦੇ ਦਿਲਾਂ ਵਿੱਚ ਕਿਸੇ ਦੀ ਸਹਾਇਤਾ ਕਰਨ ਦਾ ਅਹਿਸਾਸ ਹੀ ਖਤਮ ਹੋਇਆ ਸੀ। ਬਦਲਦੇ ਹਾਲਾਤ ਮਾੜੇ, ਬਹੁਤ ਮਾੜੇ ਅਤੇ ਅੱਤ ਮਾੜਿਆਂ ਨੂੰ ਛੱਡਕੇ ਭਿਆਣਕ ਸਥਿਤੀ ਤੋਂ ਵੀ ਅੱਗੇ ਲੰਘ ਗਏ ਸਨ।

ਕੁਝ ਲੋਕ ਭੁੱਖ ਕਾਰਨ ਪਹਿਲਾਂ ਹੀ ਮਰ ਚੁੱਕੇ ਸਨ ਅਤੇ ਬਾਕੀ ਪਾਣੀ ਦੀ ਅਣਹੋਂਦ ਕਾਰਨ ਤੜਫ ਰਹੇ ਸਨ। ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਉਹ ਕਦ ਤੱਕ ਜਿੰਦਾ ਰਹਿ ਸਕੇਗਾ। ਰਿਸ਼ਤਿਆਂ ਦੀ ਪਕੜ ਜੇ ਖਤਮ ਨਹੀਂ ਹੋਈ ਸੀ ਤਾਂ ਖਤਮ ਹੋਣ ਦੀ ਸੀਮਾ ਤਕ ਜਰੂਰ ਪੁੱਜ ਗਈ ਸੀ।

ਇੱਕ ਸਾਰਾ ਪਰਿਵਾਰ ਇਸ ਭਿਆਣਕ ਕਾਲ ਨੇ ਨਿਗਲ ਲਿਆ ਸੀ। ਇੱਕ ਔਰਤ ਅਤੇ ਉਸ ਦਾ ਦੁੱਧ ਚੁੰਘਦਾ ਬੱਚਾ ਇੱਕ ਦੂਜੇ ਲਈ ਜੀਣ ਦੀ ਹਾਲੀ ਵੀ ਜਦੋ ਜਹਿਦ ਕਰ ਰਹੇ ਸਨ।

ਮਾਂ ਰਾਤ ਸਮੇਂ ਪਰਾਣ ਛੱਡ ਗਈ ਸੀ। ਬੱਚਾ ਹਾਲੀ ਵੀ ਉਸ ਨੂੰ ਚੁੰਘ ਰਿਹਾ ਸੀ। ਦਿਨ ਚੜ੍ਹਦੇ ਨੂੰ ਹਰ ਕਿਸਮ ਦੀ ਸਰਕਾਰੀ ਸਹਾਇਤਾ ਪੁੱਜ ਗਈ ਸੀ। ਬੱਚੇ ਨੂੰ ਖਾਣ ਲਈ ਬਿਸਕੁਟ ਦਿੱਤਾ ਗਿਆ। ਉਸਨੇ ਪਹਿਲਾਂ ਇਹ ਆਪਣੀ ਮਾਂ ਦੇ ਮੂੰਹ ਵਿੱਚ ਪਾਉਣਾ ਚਾਹਿਆ ਪਰ ਜਦ ਉਸ ਦੀ ਮਾਂ ਨੇ ਖਾਣ ਲਈ ਮੂੰਹ ਨਾ ਖੋਲਿਆ ਤਾਂ ਬੱਚੇ ਨੇ ਦਿਲ ਚੀਰਵੀਂ ਆਖਰੀ ਚੀਕ ਮਾਰੀ।

# ਸਰਕਾਰੀ ਹੱਤਿਆ

ਰਾਜਸਥਾਨ ਦਾ ਪੱਛਮੀ ਹਿੱਸਾ ਭਿਆਣਕ ਕਾਲ ਦੀ ਲਪੇਟ ਵਿੱਚ ਸੀ। ਪਿੰਡ ਵਿੱਚ ਸੋਕਾ ਅਤੇ ਗਰਮੀ ਕਹਿਰ ਵਹ੍ਹਾ ਰਹੀ ਸੀ। ਅੱਤ ਦੀ ਗਰਮੀ ਕਈ ਬੱਚਿਆਂ ਅਤੇ ਬੁੱਢਿਆਂ ਦੀਆਂ ਜਾਨਾਂ ਲੈ ਚੁੱਕੀ ਸੀ। ਮੌਤ ਦਾ ਦੂਜਾ ਹੂੰਝਾ, ਸੋਕੇ ਕਾਰਨ ਭੁੱਖ ਫੇਰ ਚੁੱਕੀ ਸੀ। ਹੁਣ ਪਾਣੀ ਦੀ ਅਣਹੋਂਦ ਕਾਰਨ ਪੰਜ, ਚਾਰ ਸਿਵੇ ਰੋਜ਼ ਹੀ ਬਲਦੇ ਰਹਿੰਦੇ ਸਨ।

ਸਰਕਾਰ ਵਲੋਂ ਹਰ ਕਿਸਮ ਦੀ ਖਾਣ ਸਮੱਗਰੀ ਪੁੱਜ ਗਈ ਸੀ ਅਤੇ ਹਰ ਦੂਜੇ ਦਿਨ ਪਾਣੀ ਦਾ ਟੈਂਕਰ ਖਾਲੀ ਘੜੇ ਭਰ ਜਾਂਦਾ ਸੀ। ਲੋਕਾਂ ਦੇ ਸਾਹ ਵਿੱਚ ਸਾਹ ਆ ਗਿਆ ਸੀ। ਸਰਕਾਰ ਵਲੋਂ ਚਲਾਏ ਜਾ ਰਹੇ ਕੰਮਾਂ ਵਿੱਚ ਉਹ ਹਿੱਸਾ ਲੈਣ ਲੱਗ ਗਏ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਭਾਵੇਂ ਖੁਸ਼ੀ ਤਾਂ ਹਾਲੀ ਨਹੀਂ ਪਰਤੀ ਸੀ ਪਰ ਗ਼ਮ ਦੀਆਂ ਲਕੀਰਾਂ ਮਿਟਣੀਆਂ ਆਰੰਭ ਹੋ ਗਈਆਂ ਸਨ।

ਇੱਕ ਦਿਨ ਪਿੰਡ ਉੱਤੇ ਫਿਰ ਅਚਾਨਕ ਗਮ ਦੇ ਕਹਿਰ ਟੁੱਟ ਪਏ ਸਨ। ਸ਼ਾਮ ਤੱਕ ਪਿੰਡ ਵਿੱਚ ਮੌਤਾਂ ਦੀ ਗਿਣਤੀ ਤੀਹ ਤੋਂ ਉਪਰ ਟੱਪ ਗਈ ਸੀ। ਬਲਦੇ ਸਿਵਿਆਂ ਨੂੰ ਵੇਖ ਕੇ ਲੋਕ ਰੋਹ ਵਿੱਚ ਆ ਗਏ ਸਨ। ਉਹ ਸਰਕਾਰ ਵਿਰੁੱਧ ਨਾਹਰੇ ਲਾ ਰਹੇ ਸਨ। ਇਹ ਮੌਤਾਂ ਪਾਣੀ ਦੀ ਥੁੜ ਕਰਕੇ ਨਹੀਂ ਸਗੋਂ ਸਰਕਾਰੀ ਟੈਂਕਰ ਦਾ ਗੰਦਾ ਪਾਣੀ ਪੀਣ ਕਰਕੇ ਹੋਈਆਂ ਸਨ। ਲੋਕ ਇਸ ਨੂੰ ਰੱਬ ਦੀ ਕਰੋਪੀ ਦੀ ਥਾਂ ਸਰਕਾਰੀ-ਹੱਤਿਆ ਗਰਦਾਨ ਰਹੇ ਸਨ।

# ਸੁਪਨਾ

ਪਰਮਾਤਮਾ ਸਿੰਘ ਨੂੰ ਹੈਰਾਨੀ ਸੀ ਕਿ ਉਸ ਨੂੰ ਏਡਜ਼ ਦੀ ਬਿਮਾਰੀ ਕਿਵੇਂ ਹੋ ਗਈ ਏ। ਉਸ ਨੇ ਆਪਣੀ ਸਾਰੀ ਜ਼ਿੰਦਗੀ ਪਤਨੀ-ਵਰਤ ਮਨੁੱਖ ਵਜੋਂ ਗੁਜਾਰੀ, ਕਦੀ ਖ਼ੂਨ ਵੀ ਨਹੀਂ ਚੜਾਇਆ ਅਤੇ ਨਾ ਹੀ ਕਦੀ ਨਵੀਂ ਸੂਈ ਤੋਂ ਬਿਨਾਂ ਟੀਕਾ ਹੀ ਲਗਵਾਇਆ ਸੀ। ਇੱਕ ਹੋਰ ਵੱਡੀ ਅਣਹੋਣੀ ਇਹ ਵੀ ਸੀ ਕਿ ਉਸ ਦੀ ਪਤਨੀ ਹਾਲੀ ਵੀ ਇਸ ਬਿਮਾਰੀ ਤੋਂ ਸੁਰੱਖਿਅਤ ਸੀ। ਡਾਕਟਰ ਦੀ ਰਿਪੋਰਟ ਨੂੰ ਝੁਠਲਾਇਆ ਵੀ ਨਹੀਂ ਜਾ ਸਕਦਾ ਸੀ ਅਤੇ ਬਿਮਾਰੀ ਨੂੰ ਸਵੀਕਾਰ ਕਰਨਾ ਅਸੰਭਵ ਨੂੰ ਸੰਭਵ ਸਮਾਨ ਸਮਝਣ ਦੇ ਬਰਾਬਰ ਸੀ।

ਉਸ ਲਈ ਇਹ ਨਮੋਸ਼ੀ ਦੇ ਨਾਲ ਇੱਕ ਵੱਡਾ ਸਦਮਾ ਵੀ ਸੀ। ਉਹ ਦਾਗੀ ਜਿੰਦਗੀ ਜੀਣ ਨਾਲੋਂ ਇਸ ਦਾਗ ਨੂੰ ਸਦਾ ਲਈ ਧੋ ਦੇਣਾ ਚਾਹੁੰਦਾ ਸੀ। ਉਸ ਨੇ ਇਸ ਨਰਕ ਦੀ ਜਿੰਦਗੀ 'ਚੋਂ ਨਿਕਲ ਕੇ ਕਿਸੇ ਨਵੀਂ ਸਵਰਗ ਦੀ ਜਿੰਦਗੀ ਵਿੱਚ ਜਾਣ ਦਾ ਫੈਸਲਾ ਕਰ ਲਿਆ ਸੀ। ਉਹ ਆਪਣੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਿਸੇ ਯੋਗ ਸਾਧਨ ਨੂੰ ਲੱਭ ਰਿਹਾ ਸੀ।

ਡਾਕਟਰ ਨੇ ਉਸ ਦੀ ਸੋਚ ਨਾਲ ਸਹਿਮਤੀ ਰਲਾ ਦਿੱਤੀ ਸੀ। ਉਸ ਨੇ ਮਰੀਜ ਦੀ ਇੱਕ ਉਂਗਲ ਉੱਤੇ ਕਰੀਮ ਵਰਗੀ ਦਵਾਈ ਲਾ ਦਿੱਤੀ ਸੀ, ਜਿਸ ਦੇ ਚੱਟਣ ਨਾਲ ਉਸ ਦੀ ਮਨੋਕਾਮਨਾ ਝੱਟ ਹੀ ਪੂਰੀ ਹੋ ਜਾਣ ਦਾ ਭਰੋਸਾ ਦਵਾ ਦਿੱਤਾ ਸੀ।

ਡਾਕਟਰ ਦੇ ਚਿਹਰੇ ਦੇ ਹਾਵ ਭਾਵ ਦੁਚਿੱਤੀ ਵਿੱਚ ਸਨ। ਮਰੀਜ ਦੀ ਸੋਚ ਨੇ ਅੰਤਮ ਫੈਸਲਾ ਕਰਕੇ ਦਵਾਈ ਮੂੰਹ ਅੰਦਰ ਲੰਘਾ ਲਈ ਸੀ। ਉਸ ਦੀ ਜੀਭ ਉੱਤੇ ਦਵਾਈ ਦਾ ਸੁਆਦ ਤਰ ਰਿਹਾ ਸੀ ਅਤੇ ਉਹ ਮੌਤ ਦਾ ਅਨੁਭਵ ਮਾਨਣ ਲਈ ਆਪਣੇ ਆਪ ਨੂੰ ਤਿਆਰ ਕਰ ਹੀ ਰਿਹਾ ਸੀ ਕਿ ਅਚਾਨਕ ਸੁਪਨਾ ਟੁੱਟ ਗਿਆ।

# ਪਿਆਰ ਦਾ ਪਿਆਰ

ਸੁਖਜੀਤ ਸਿੰਘ ਅੱਜ ਰਾਤ ਫਿਰ ਲੇਟ ਹੋ ਗਿਆ ਸੀ। ਜਦ ਉਹ ਘਰ ਪੁੱਜਿਆ ਉਹ ਬੈੱਡ-ਰੂਮ ਵਿੱਚ ਸੁੱਤੀ ਪਈ ਸੀ। ਉਸ ਦਾ ਕਮਲਾਇਆ ਚਿਹਰਾ ਦਸ ਰਿਹਾ ਸੀ ਉਹ ਬਹੁਤ ਉਡੀਕ ਕੇ ਸੁੱਤੀ ਸੀ। ਉਸ ਦਾ ਭੋਲਾ ਮੂੰਹ ਅਤੇ ਗੋਰਾ ਤਨ ਬੜੇ ਪਿਆਰੇ ਲੱਗ ਰਹੇ ਸਨ। ਉਸ ਦੇ ਵਾਲਾਂ ਦੀ ਇੱਕ ਲਿੱਟ ਪੱਖੇ ਦੀ ਹਵਾ ਨਾਲ ਉਸ ਦੀਆਂ ਗੱਲ੍ਹਾਂ ਉੱਤੇ ਖੇਡ ਰਹੀ ਸੀ।

ਉਹ ਕੁਝ ਦੇਰ ਤੱਕ ਖੜ੍ਹਾ ਉਸ ਦੇ ਮੂੰਹ ਨੂੰ ਨਿਹਾਰਦਾ ਰਿਹਾ। ਉਹ ਚਾਹੁੰਦਾ ਸੀ ਉਸ ਨੂੰ ਉਠਾ ਕੇ ਆਪਣੀਆਂ ਬਾਹਾਂ ਵਿੱਚ ਘੁੱਟ ਲਵੇ ਅਤੇ ਰਜ ਕੇ ਪਿਆਰ ਕਰੇ। ਪਰ ਉਸ ਦੀ ਗੂੜੀ ਨੀਂਦ ਨੂੰ ਉਹ ਕਿਸੇ ਵੀ ਕੀਮਤ ਉੱਤੇ ਭੰਗ ਨਹੀਂ ਕਰਨਾ ਚਾਹੁੰਦਾ ਸੀ। ਉਸ ਨੇ ਝੁਕਕੇ ਵਾਲਾਂ ਦੀ ਲਿੱਟ ਨੂੰ ਹੱਥ ਨਾਲ ਇੱਕ ਪਾਸੇ ਟੰਗ ਦਿੱਤਾ। ਸਖਤ ਹੱਥ ਦੇ ਸਪਰਸ਼ ਨੇ ਉਸ ਨੂੰ ਕੁਝ ਕੁ ਸੁਚੇਤ ਕੀਤਾ ਪਰ ਪਾਸਾ ਲੈ ਕੇ ਉਹ ਫਿਰ ਸੌਂ ਗਈ।

ਉਸ ਨੇ ਕਮਰੇ ਤੋਂ ਬਾਹਰ ਜਾਣ ਦਾ ਫੈਸਲਾ ਕਰ ਲਿਆ ਸੀ ਪਰ ਉਸ ਦਾ ਦਿਲ ਹਾਲੀ ਵੀ ਉਸ ਦੀ ਸੁੰਦਰਤਾ ਵਿੱਚ ਉਲਝਿਆ ਹੋਇਆ ਸੀ। ਉਸ ਨੇ ਉੱਠ ਰਹੀਆਂ ਭਾਵਨਾਵਾਂ ਨੂੰ ਕਾਬੂ ਕੀਤਾ ਅਤੇ ਕਮਰੇ ਵਿੱਚੋਂ ਬਾਹਰ ਜਾਣ ਲਈ ਪਰਤ ਪਿਆ। ਹਾਲੀ ਉਸ ਨੇ ਬੂਹਾ ਪਾਰ ਵੀ ਨਹੀਂ ਸੀ ਕੀਤਾ ਕਿ ਪਿੱਛੋਂ ਆਵਾਜ਼ ਆਈ, ''ਪਾਪਾ ਜੀ''

ਉਸ ਨੇ ਆਪਣੇ ਪਿਆਰ ਦੇ ਪਿਆਰ ਨੂੰ ਚੁੰਮ ਕੇ ਹਿੱਕ ਨਾਲ ਲਾ ਲਿਆ।

# ਦਹੇਜ

ਵਹੁਟੀ ਦੇ ਰੂਪ ਵਿੱਚ ਲਕਸ਼ਮੀ ਦੇ ਪੈਰ ਪੈਂਦਿਆਂ ਹੀ ਘਰ ਵਿੱਚ ਖੁਸ਼ੀਆਂ ਅਤੇ ਹਾਸੇ ਪਰਤ ਆਏ ਸਨ। ਸੌਹਰਿਆਂ ਦੇ ਨਾਲ ਰਿਸ਼ਤੇਦਾਰਾਂ ਅਤੇ ਗਵਾਂਢੀਆਂ ਨੇ ਵੀ ਬਹੂ ਦੇ ਖੁਲ੍ਹੇ ਅਤੇ ਕੀਮਤੀ ਦਹੇਜ ਦੀ ਸਲਾਘਾ ਕੀਤੀ ਸੀ।

ਸੌਹਰਿਆਂ ਅਤੇ ਮਾਪਿਆਂ ਨੇ ਸਭ ਕੁਝ ਇੰਨਾਂ ਜਲਦੀ ਕੀਤਾ ਕਿ ਉਹ ਬਹੁਤ ਕੁਝ ਕਰਨਾਂ ਚਾਹੁੰਦੀ ਵੀ ਆਪਣੇ ਪਿਆਰ ਲਈ ਕੁਝ ਨਹੀਂ ਕਰ ਸਕੀ ਸੀ। ਬਦਲੇ ਦੀ ਅੱਗ ਉਸ ਦੇ ਸੀਨੇ ਵਿੱਚ ਮੱਚ ਰਹੀ ਸੀ ਅਤੇ ਉਹ ਯੋਗ ਸਮੇਂ ਦੀ ਉਡੀਕ ਵਿੱਚ ਸੀ।

ਲਕਸ਼ਮੀ ਰਾਤ ਨੂੰ ਉੱਚੀ ਉੱਚੀ ਰੋਣ ਅਤੇ ਚੀਕਾਂ ਮਾਰਨ ਲੱਗ ਜਾਇਆ ਕਰਦੀ ਸੀ ਤਾਂ ਜੋ ਗਵਾਂਢੀਆਂ ਨੂੰ ਉਸ ਦੇ ਕੁੱਟੇ ਜਾਣ ਦਾ ਭੁਲੇਖਾ ਪੈ ਸਕੇ। ਦਿਨੇ ਉਹ ਦੁਹਾਈਆਂ ਪਾਉਣੀਆਂ ਅਰੰਭ ਕਰ ਦਿੰਦੀ ਸੀ ਜਿਵੇਂ ਧੱਕੇ ਦੇਕੇ ਕੋਈ ਉਸ ਨੂੰ ਘਰ ਤੋਂ ਬਾਹਰ ਕੱਢ ਰਿਹਾ ਹੋਵੇ।

ਸੌਹਰੇ ਪਰਵਾਰ ਦੇ ਤਾਂ ਹੱਥਾਂ ਦੇ ਤੋਤੇ ਹੀ ਉੱਡ ਗਏ ਜਦ ਇੱਕ ਦਿਨ ਮੂੰਹ ਹਨੇਰੇ ਬਹੂ ਘਰ ਤੋਂ ਅਲੋਪ ਹੋ ਗਈ। ਉਹ ਹਾਲੀ ਸੰਭਲੇ ਵੀ ਨਹੀਂ ਸਨ ਕਿ ਦਿਨ ਚੜ੍ਹਦੇ ਨੂੰ ਪੁਲਿਸ ਨੇ ਉਨ੍ਹਾਂ ਦੇ ਘਰ ਆ ਛਾਪਾ ਮਾਰਿਆ। ਪੁਲਿਸ ਨੇ ਸੌਹਰੇ ਸੱਸ, ਪਤੀ ਅਤੇ ਕੰਵਾਰੀ ਨਨਦ ਨੂੰ ਹਿਰਾਸਤ ਵਿੱਚ ਲੈ ਕੇ ਦੱਸਿਆ,''ਤੁਹਾਡੀ ਨੂੰਹ ਨੇ ਸ਼ਕਾਇਤ ਕੀਤੀ ਕਿ ਉਸ ਨੂੰ ਘੱਟ ਦਹੇਜ ਲਿਆਉਣ ਕਰਕੇ ਰੋਜ਼ ਕੁੱਟਿਆ ਜਾਂਦਾ ਸੀ ਅਤੇ ਅੱਜ ਬੁਰੀ ਤਰ੍ਹਾਂ ਕੁੱਟਕੇ ਉਸ ਨੂੰ ਘਰ ਤੋਂ ਬਾਹਰ ਕੱਢ ਦਿੱਤਾ ਹੈ। ਡਾਕਟਰੀ ਰਿਪੋਰਟ ਨੇ ਇਸ ਦੀ ਪੁਸ਼ਟੀ ਵੀ ਕਰ ਦਿੱਤੀ ਹੈ।'' ਪੁਲਿਸ ਦੀ ਜੀਪ ਦਹੇਜ ਦੇ ਦੋਸ਼ੀਆਂ ਨੂੰ ਨਾਲ ਲੈ ਕੇ ਥਾਨੇ ਵੱਲ ਚੱਲ ਪਈ।

# ਹੱਤਿਆਰਾ

ਕਿਰਨ ਬਾਲਾ ਆਪਣੇ ਡਬਲ ਬੈੱਡ ਉੱਤੇ ਮਰੀ ਪਾਈ ਗਈ ਸੀ। ਸ਼ਹਿਰ ਦੇ ਨੌਜਵਾਨ ਐਸ.ਪੀ. ਦੀ ਸੱਜ ਵਿਆਹੀ ਪਤਨੀ ਦੀ ਅਚਾਣਕ ਮੌਤ ਨੇ ਸਾਰੇ ਸ਼ਹਿਰ ਨੂੰ ਗ਼ਮ ਵਿੱਚ ਡੋਬ ਦਿੱਤਾ ਸੀ।

ਸੰਤਰੀ ਨੂੰ ਇਤਲਾਹ ਮਿਲਦਿਆਂ ਹੀ ਦਫਤਰ ਫੂਨ ਕਰ ਦਿੱਤਾ ਗਿਆ ਸੀ। ਕੁਝ ਮਿੰਟਾਂ ਵਿੱਚ ਹੀ ਕੋਠੀ ਦੇ ਅੰਦਰ, ਬਾਹਰ ਅਤੇ ਰਾਹਾਂ ਦੇ ਮੋੜਾਂ ਉੱਤੇ ਪੁਲਿਸ ਪੁੱਜ ਗਈ ਸੀ। ਸਾਰੇ ਨੌਕਰਾਂ ਨੂੰ ਹਰਾਸਤ ਵਿੱਚ ਲੈ ਲਿਆ ਗਿਆ ਸੀ। ਆਸੇ ਪਾਸੇ ਦੀਆਂ ਸਾਰੀਆਂ ਕੋਠੀਆਂ ਦੀ ਨਾਕਾਬੰਦੀ ਕਰ ਦਿੱਤੀ ਸੀ। ਕੋਈ ਵੀ ਆਦਮੀ ਬਾਹਰੋਂ ਕਿਸੇ ਕੋਠੀ ਵਿੱਚ ਨਹੀਂ ਜਾ ਸਕਦਾ ਸੀ ਅਤੇ ਨਾ ਹੀ ਕਿਸੇ ਨੂੰ ਅੰਦਰੋਂ ਬਾਹਰ ਜਾਣ ਦੀ ਆਗਿਆ ਸੀ।

ਕਈ ਥਿਉਰੀਆਂ ਉੱਤੇ ਤਪਤੀਸ਼ ਚਲ ਰਹੀ ਸੀ। ਖੋਜ ਦਾ ਕੋਈ ਵੀ ਰਾਹ ਕੋਠੀ ਤੋਂ ਬਾਹਰ ਨਹੀਂ ਜਾਂਦਾ ਸੀ। ਮ੍ਰਿਤਕ ਦੇ ਮੱਥੇ ਉੱਤੇ ਇੱਕ ਮਾਮੂਲੀ ਚੋਟ ਦਾ ਨਿਸ਼ਾਨ ਸੀ, ਜਿਸ ਵਿਚੋਂ ਖੂਨ ਵੀ ਨਹੀਂ ਸੀ ਨਿੱਕਲਿਆ। ਅਜਿਹੀ ਚੋਟ ਨਾਲ ਮੌਤ ਹੋ ਜਾਣਾ ਅਸੰਭਵ ਜਾਪ ਰਿਹਾ ਸੀ।

ਸਾਰੀ ਕੋਠੀ ਨੂੰ ਛੱਡ ਕੇ ਖੋਜ ਹੁਣ ਕੇਵਲ ਬੈੱਡ ਰੂਮ ਉੱਤੇ ਕੇਂਦਰਤ ਹੋ ਗਈ ਸੀ। ਸਭ ਤੋਂ ਮਾਹਰ ਕੁੱਤੇ ਨੂੰ ਮ੍ਰਿਤਕ ਦੇ ਕਮਰੇ ਵਿੱਚ ਭੇਜਿਆ ਗਿਆ ਸੀ। ਉਸ ਨੇ ਲਾਸ਼ ਦੇ ਨਾਲ ਬੈੱਡ ਨੂੰ ਚਾਰ ਚੁਫੇਰਿਓਂ ਸੁੰਘਿਆ। ਬੈੱਡ ਦੇ ਹੇਠ ਨਿਗਾ ਮਾਰਦੇ ਹੀ ਉਹ ਉੱਚੀ ਉੱਚੀ ਭੌਂਕਣ ਲੱਗ ਪਿਆ। ਸਪਾਹੀ ਦੇ ਘੂਰਣ ਉੱਤੇ ਵੀ ਉਹ ਭੌਂਕਣੋ ਨਹੀਂ ਹਟਿਆ।

ਪੁਲਿਸ ਦੇ ਮਾਹਰ ਅਫਸਰ ਖੁਫੀਆ ਮੀਟਿੰਗ ਕਰਕੇ ਇਸ ਨਤੀਜੇ ਉੱਤੇ ਪੁੱਜੇ , 'ਕਮਰੇ ਵਿੱਚ ਹੀ ਕੋਈ ਸ਼ੱਕੀ ਚੀਜ਼ ਹੈ, ਜੋ ਕਤਲ ਉੱਤੇ ਚਾਨਣਾ ਪਾ ਸਕਦੀ ਏ ਜਾਂ ਫਿਰ ਉਸ ਤੋਂ ਕੋਈ ਭਰੋਸੇ ਯੋਗ ਸੇਧ ਮਿਲ ਸਕਦੀ ਏ।

ਐਸ.ਪੀ. ਸਾਹਿਬ ਨੇ ਆਪ ਕਮਰੇ ਨੂੰ ਘੋਖਣ ਦੀ ਇੱਛਾ ਪ੍ਰਗਟ ਕੀਤੀ। ਮ੍ਰਿਤਕ ਵਾਲੇ ਏ.ਸੀ. ਕਮਰੇ ਦੇ ਬੈੱਡ ਹੇਠ ਵਾਰਦਾਤ ਕਰਕੇ ਹੱਤਿਆਰਾ ਕੁੰਡਲੀ ਮਾਰੀ ਸੁੱਤਾ ਪਿਆ ਸੀ।

# ਮੂੰਹ-ਅੱਡਿਆ

ਧਿਆਨ ਸਿੰਘ ਘਰ ਵਿੱਚ ਸਦਾ ਬੇਧਿਆਨ ਹੀ ਰਹਿੰਦਾ ਸੀ। ਉਸ ਦਾ ਸਾਰਾ ਧਿਆਨ ਆਪਣੀ ਘਰ ਵਾਲੀ ਉੱਤੇ ਹੀ ਕੇਂਦਰਤ ਹੁੰਦਾ ਸੀ। ਉਹ ਸਖਤ ਹੋਣ ਦੇ ਨਾਲ ਨਾਲ ਹੁਣ ਲੋੜ ਤੋਂ ਵੱਧ ਕੁਰਖਤ ਵੀ ਹੋ ਗਈ ਸੀ। ਘਰ ਵਿੱਚ ਉਸ ਦਾ ਹੀ ਹੁਕਮ ਚਲਦਾ ਸੀ, ਪੰਜ ਕਰੇ ਪੰਜਾਹ ਕਰੇ।

ਪਤੀ ਵੱਢੀ ਲੈਣ ਦੇ ਦੋਸ਼ ਵਿੱਚ ਨੌਕਰੀ ਤੋਂ ਕੱਢਿਆ ਜਾ ਚੁੱਕਾ ਸੀ। ਉਸ ਨੇ ਆਪਣੀ ਪਤਨੀ ਦੀਆਂ ਸਾਰੀਆਂ ਘਰੇਲੂ ਜੁਮੇਵਾਰੀਆਂ ਸੰਭਾਲ ਲਈਆਂ ਸਨ। ਰਸੋਈ ਦਾ ਕੰਮ, ਸਫਾਈਆਂ, ਕੱਪੜੇ ਧੋਣੇ, ਬੱਚੇ ਸੰਭਾਲਣੇ ਉਸ ਨੂੰ ਕੁਝ ਵੀ ਭੁੱਲਿਆ ਨਹੀਂ ਸੀ।

ਅਫਸਰ ਪਤਨੀ ਦੇ ਘਰ ਆਉਂਦਿਆਂ ਹੀ ਉਸ ਦੀਆਂ ਮੁਸੀਬਤਾਂ ਆਰੰਭ ਹੋ ਜਾਂਦੀਆਂ ਸਨ। ਉਸ ਨੂੰ ਹੁਕਮ ਮਿਲਦੇ, ਝਾੜਾਂ ਵਰਦੀਆਂ ਅਤੇ ਕਈ ਵਾਰੀ ਗਾਲਾਂ ਦੀ ਵਰਖਾ ਵੀ ਹੋ ਜਾਂਦੀ ਸੀ। ਉਹ ਭਿੱਜੀ ਬਿੱਲੀ ਬਣਿਆ ਸਭ ਕੁਝ ਸਹਿ ਜਾਂਦਾ ਸੀ। ਜਦ ਤੋਂ ਉੱਖਲੀ ਵਿੱਚ ਸਿਰ ਆਇਆ ਏ ਉਹ ਸੱਟਾਂ ਦਾ ਡਰ ਹੀ ਭੁੱਲ ਗਿਆ ਸੀ।

''ਮੈਂ ਕਿਹਾ ਜੀ ਕੱਲ ਸੁਬ੍ਹਾ ਹੀ ਨਹਾਕੇ, ਟਾਈ ਵਾਲਾ ਨਵਾਂ ਸੂਟ ਪਾ ਲੈਣਾ। ਘਰ ਦਾ ਸਾਰਾ ਕੰਮ ਕੱਲ੍ਹ ਸੇਵਾਦਾਰਨੀ ਕਰੇਗੀ।''

''ਕੱਲ ਕੋਈ ਖਾਸ ਦਿਨ ਏ?''

''ਹਾਂ ਜੀ ਕੱਲ ਕਰਵਾ ਚੌਥ ਏ, ਮੈਂ ਆਪਣੇ ਪਤੀ-ਪਰਮੇਸ਼ਰ ਨੂੰ ਰਿਝਾਕੇ ਉਸ ਤੋਂ ਸਦਾ ਸੁਹਾਗਣ ਰਹਿਣ ਦਾ ਵਰ ਮੰਗਾਂਗੀ।''

ਪਤੀ ਦਾ ਮੂੰਹ ਅੱਡਿਆ ਰਹਿ ਗਿਆ।

# ਸੰਤਾਪ

ਸੱਜਣ ਸਿੰਘ ਅਤੇ ਮਿੱਤਰ ਸੈਨ ਦੋਵੇਂ ਲੰਗੋਟੀਏ ਯਾਰ ਸਨ। ਦੋਵਾਂ ਨੇ ਖੁਸ਼ੀਆਂ ਨੂੰ ਰਲਕੇ ਮਾਨਿਆ ਸੀ ਅਤੇ ਨਾਲ ਮੁਸੀਬਤਾਂ ਦਾ ਵੀ ਸਦਾ ਸਿਰ ਜੋੜਕੇ ਸਾਹਮਣਾ ਕੀਤਾ ਸੀ। ਉਹ ਇਕਲੋਤੇ ਪੁੱਤਰਾਂ ਦੇ ਧੀਆਂ ਵਾਲੇ ਬਾਪ ਸਨ।

ਮਿੱਤਰ ਸੈਨ ਨੇ ਬੜੀ ਕੋਸ਼ਿਸ਼ ਕੀਤੀ ਕਿ ਉਸ ਦਾ ਪੁੱਤਰ ਚੰਗਾ ਪੜ੍ਹਕੇ ਕਿਸੇ ਸਰਕਾਰੀ ਨੌਕਰੀ ਉੱਤੇ ਲੱਗ ਜਾਵੇ। ਪਰ ਉਹ ਲੂਣ ਤੇਲ ਦੀ ਦੁਕਾਨ ਤੋਂ ਅੱਗੇ ਨਹੀਂ ਵੱਧ ਸਕਿਆ ਸੀ। ਉਸ ਦਾ ਵਿਆਹ ਬੜੀ ਧੂਮ ਧਾਮ ਨਾਲ ਕੀਤਾ, ਪਰ ਪੇਕਿਆਂ ਦੀ ਚੱਕ ਉੱਤੇ ਉਸ ਦੀ ਨੂੰਹ ਅੱਡ ਹੋਣ ਦੀਆਂ ਪੁੱਠੀਆਂ, ਸਿੱਧੀਆਂ ਧਮਕੀਆਂ ਦਿੰਦੀ ਰਹਿੰਦੀ ਸੀ। ਕਿਸੇ ਅਣਹੋਣੀ ਦੁਰਘਟਨਾ ਨੂੰ ਟਾਲਣ ਲਈ ਉਸ ਨੇ ਦਿਲ ਉੱਤੇ ਪੱਥਰ ਰੱਖਕੇ ਨੂੰਹ-ਪੁੱਤਰ ਨੂੰ ਕਰਾਏ ਦੇ ਮਕਾਨ ਵਿੱਚ ਅੱਡ ਕਰ ਦਿੱਤਾ ਸੀ।

ਸੱਜਣ ਸਿੰਘ ਨੇ ਆਪਣੀ ਸਾਰੀ ਜਿੰਦਗੀ ਪੁੱਤਰ ਨੂੰ ਪੜ੍ਹਾਉਣ ਉੱਤੇ ਲਾਕੇ, ਉਸ ਨੂੰ ਸਫਲਤਾ ਦੀ ਪੌੜੀ ਦੇ ਸਿਰੇ ਤੱਕ ਪਹੁੰਚਾ ਦਿੱਤਾ ਸੀ। ਉਹ ਪੀ.ਐਚ.ਡੀ. ਕਰਕੇ ਪੌੜੀ ਦਾ ਆਖਰੀ ਟੰਬਾ ਆਪਣੀ ਹਿੰਮਤ ਨਾਲ ਆਪ ਚੜ੍ਹ ਗਿਆ ਸੀ। ਉੱਚੀਆਂ ਮੰਜ਼ਿਲਾਂ ਅਤੇ ਡਾਲਰਾਂ ਦੀ ਟੁਨਕਾਰ ਨੇ ਉਸ ਨੂੰ ਕਨੇਡਾ ਵਿੱਚ ਖਿੱਚ ਲਿਆ ਸੀ।

ਇੱਕ ਦਾ ਇਕਲੌਤਾ ਪੁੱਤਰ ਸੱਤ ਸਮੁੰਦਰੋਂ ਪਾਰ ਬੈਠਾ ਸੀ ਅਤੇ ਦੂਜੇ ਦਾ ਸੱਤਵੀਂ ਗਲੀ ਦੇ ਪਾਰ ਰਹਿੰਦਾ ਸੀ। ਬੁਢਾਪੇ ਵਿੱਚ ਦੋਵਾਂ ਦੋਸਤਾਂ ਨੇ ਹੋਰ ਸਭ ਕੁਝ ਸਾਂਝਾ ਕਰ ਲਿਆ ਸੀ ਪਰ ਇਕੱਲਤਾ ਦਾ ਸੰਤਾਪ ਉਹ ਹਾਲੀ ਵੀ ਇਕੱਲੇ ਹੀ ਭੋਗ ਰਹੇ ਸਨ।

# ਦਿਲ ਰਹਿਤ ਡਾਕਟਰ

ਵੱਡੇ ਸ਼ਹਿਰ ਵਿੱਚ ਛੋਟੇ ਹਸਪਤਾਲ ਦੇ ਖਾਸ ਕਮਰੇ ਵਿੱਚ ਦਿਲ ਦੇ ਮਾਹਰ ਡਾਕਟਰ ਅਤੇ ਮਰੀਜ ਨਾਲ ਆਏ ਡਾਕਟਰ ਦੀ ਲੰਮੀ ਗੱਲਬਾਤ ਚੱਲ ਰਹੀ ਸੀ। ਜਦ ਦੇ ਣ ਲੈਣ ਦੇ ਮਾਮਲੇ ਉਤੇ ਆ ਕੇ ਗੱਲ ਅੜ ਗਈ ਤਾਂ ਗਰੀਬ ਮਰੀਜ ਵਿੱਚ ਹੀ ਬੋਲ ਪਿਆ।

'ਡਾਕਟਰ ਸਾਹਿਬ ਦਿਲ ਦੀ ਗੱਲ ਵਿੱਚ ਦਿਲ-ਲਗੀਆਂ ਚੰਗੀਆਂ ਨਹੀਂ ਹੁੰਦੀਆਂ। ਆਪ ਜੀ ਨੇ ਆਪਣਾ ਫੈਸਲਾ ਪਿੱਛੋਂ ਕਰ ਲੈਣਾ, ਮੈਨੂੰ ਦਸੋ ਆਪ ਨੂੰ ਘੱਟ ਤੋਂ ਘੱਟ ਕਿੰਨੀ ਰਕਮ ਚਾਹੀਦੀ ਏ।'

'ਡੇਢ ਲੱਖ'

'ਇਹ ਕਦ ਚਾਹੀਦੀ ਏ'

'ਰਕਮ ਪਹਿਲਾਂ ਅਤੇ ਦਿਲ ਦੀ ਮੁਰੰਮਤ ਪਿੱਛੋਂ।'

'ਜੇ ਮੈਂ ਉਪਰੇਸ਼ਨ ਦੌਰਾਨ ਮਰ ਜਾਵਾਂ ਤਾ ਕਿਵੇਂ ਕਰੋਗੇ?'

'ਉਸ ਦੀ ਤੁਸੀਂ ਫਿਕਰ ਨਾ ਕਰੋ। ਅਸੀਂ ਦਿੱਤੀ ਰਕਮ ਵਿੱਚ ਹੀ ਕਿਸੇ ਯੋਗ ਸਾਧਨ ਰਹੀਂ, ਤੁਹਾਡੀ ਲਾਸ਼ ਨੂੰ ਤੁਹਾਡੇ ਪਿੰਡ ਪਹੁੰਚਾ ਦੇਵਾਂਗੇ।' ਡਾਕਟਰ ਨੇ ਮੇਜ ਉੱਤੇ ਪਿਆ ਦਿਲ ਦਾ ਮਾਡਲ ਹੱਥ ਨਾਲ ਘੁਮਾਕੇ, ਮਰੀਜ ਦੇ ਦਿਲ ਦੀ ਸੁੱਤੀ ਪੀੜ ਜਗਾ ਦਿੱਤੀ ਸੀ।

ਮਰੀਜ ਆਪਣਾ ਦਰਦ ਭਰਿਆ ਦਿਲ ਹੱਥ ਨਾਲ ਸਾਂਭ ਦਿਲ ਰਹਿਤ ਡਾਕਟਰ ਦੀ ਵਰਕਸ਼ਾਪ ਵਿੱਚੋਂ ਬਾਹਰ ਵੱਲ ਜਾ ਰਿਹਾ ਸੀ।

# ਨਰਸ

ਦਿਲ ਦੇ ਵੱਡੇ ਉਪਰੇਸ਼ਨ ਪਿੱਛੋਂ ਵਜੁਰਗ ਲੇਖਕ ਨੂੰ ਹੋਸ਼ ਆ ਗਈ ਸੀ ਅਤੇ ਉਹ ਸੁਚੇਤ ਹੋ ਰਿਹਾ ਸੀ।

'ਬਾਬਾ ਜੀ ਆਪਦੀ ਸੇਵਾ ਲਈ ਮੇਰੀ ਡਿਊਟੀ ਲੱਗੀ ਏ।' ਪਰੀਆਂ ਵਰਗੀ ਨਰਸ ਦੇ ਮੂੰਹੋਂ ਫੁੱਲ ਕਿਰੇ।

'ਜੀ ਆਇਆਂ ਨੂੰ, ਮੇਰੇ ਬੱਚੇ ਮੈਨੂੰ ਪਾਪਾ ਕਹਿੰਦੇ ਹਨ।' ਲੇਖਕ ਨੇ ਦੂਰੀਆਂ ਘਟਾ ਦਿੱਤੀਆਂ ਸਨ।

'ਪਾਪਾ ਜੀ ਜਦ ਵੀ ਲੋੜ ਹੋਵੇ ਮੈਨੂੰ ਆਵਾਜ ਮਾਰ ਲੈਣੀ।'

'ਮਰੀਜ ਦੀਆਂ ਲੋੜਾਂ ਨਰਸ ਵਧੇਰੇ ਜਾਣਦੀ ਹੁੰਦੀ ਏ।'

ਲੇਖਕ ਦੀ ਮੁਸ਼ਕਰਾਹਟ ਵਿੱਚ ਅਪਨੱਤ ਸੀ।

ਪਤਾ ਨਹੀਂ ਨਰਸ ਦੀ ਸੇਵਾ ਵਿੱਚ ਕੋਈ ਜਾਦੂ ਸੀ ਜਾਂ ਫਿਰ ਉਸ ਦੀ ਫਟ-ਮੇਲ ਛੋਹ ਦਾ ਅਸਰ ਸੀ, ਲੇਖਕ ਦਿਨਾਂ ਵਿੱਚ ਹੀ ਤੰਦਰੁਸਤ ਹੋ ਗਿਆ ਸੀ। ਉਸ ਦੇ ਜ਼ਖਮਾਂ ਉੱਤੋਂ ਪੱਟੀਆਂ ਲੱਥ ਗਈਆਂ ਸਨ ਅਤੇ ਉਹ ਟੁਰਣ, ਫਿਰਣ ਲੱਗ ਗਿਆ ਸੀ। ਉਸ ਨੇ ਆਪਣੀ ਸੋਚ ਵਿੱਚ ਨਵੇਂ ਭਵਿੱਖ ਦੀ ਉਸਾਰੀ ਕਰਨੀ ਅਰੰਭ ਦਿੱਤੀ ਸੀ।

'ਪਾਪਾ ਜੀ ਅੱਜ ਜਾ ਰਹੇ ਨੇ.....ਰਹਿੰਦੇ ਜੀਵਨ ਲਈ ਮੇਰੇ ਵਲੋਂ ਢੇਰ ਸਾਰੀਆਂ ਸੁਭਇਛਾਵਾਂ......ਅਲਵਿਦਾ।' ਕੁੜੀ ਨੇ ਮੁਸ਼ਕਰਾਕੇ ਹੱਥ ਚੁੱਕਿਆ ਅਤੇ ਵਿਦਾਇਗੀ ਦਿੱਤੀ। ਲੇਖਕ ਨੇ ਧੰਨਵਾਦ ਵਜੋਂ ਬੇਟੀ ਦਾ ਹੱਥ ਮੰਗ ਕੇ ਚੁੰਮ ਲਿਆ।

ਨਰਸ ਦੀਆਂ ਅੱਖਾਂ ਭਰ ਆਈਆਂ, ਉਹ ਦੂਜੇ ਬੈੱਡ ਵੱਲ ਜਾ ਰਹੀ ਸੀ।

# ਹੈਰਾਨੀ

ਗੁਰਦਸ਼ਨ ਸਿੰਘ ਦੀ ਸ਼ਹਿਰ ਵਿੱਚ ਪਿਆਰ, ਸਤਿਕਾਰ ਅਤੇ ਨਫਰਤ ਰਲੀ ਮਿਲੀ ਸੀ। ਉਹ ਕੰਮ ਕਰਦਾ ਤਾਂ ਕਦੇ ਵੇਖਿਆ ਨਹੀਂ ਸੀ ਪਰ ਚੰਗੇ ਖਾਣ-ਪੀਣ ਅਤੇ ਪਹਿਨਣ ਦਾ ਉਸ ਨੂੰ ਠਰਕ ਜਿਹਾ ਸੀ। ਜੇ ਉਸ ਦੀ ਵਡਿਆਈ ਕਰਨ ਵਾਲੇ ਬਹੁਤ ਲੋਕ ਸਨ ਤਾਂ ਉਸ ਦੀਆਂ ਕਰਤੂਤਾਂ ਫਰੋਲਣ ਵਾਲਿਆਂ ਦਾ ਵੀ ਘਾਟਾ ਨਹੀਂ ਸੀ।

ਜਦ ਕਦੇ ਵੀ ਉਸ ਦੇ ਹੱਥ ਕਿਤੋਂ ਕੋਈ ਪੈਸਾ ਲਗਦਾ ਤਾਂ ਅਪਾਹਜਾਂ ਨੂੰ ਭੰਡਾਰਾ ਅਤੇ ਕੱਪੜੇ ਵੰਡਣਾ ਉਹ ਕਦੇ ਨਹੀਂ ਭੁਲਦਾ ਸੀ। ਇਹ ਦਾਨ ਹੀ ਉਸ ਦੀ ਚੜ੍ਹੀ ਗੁੱਡੀ ਦੀ ਡੋਰ ਸੀ ਜਾਂ ਉਸਦੀ ਆਪਣੀ ਤੀਖਣ ਸੋਚ ਇਸ ਦਾ ਸਹਾਰਾ ਬਣਦੀ ਸੀ, ਕੁਝ ਨਹੀਂ ਕਿਹਾ ਜਾ ਸਕਦਾ ਪਰ ਉਸ ਦੀ ਗੁੱਡੀ ਸਦਾ ਅਕਾਸ਼ੀਂ ਚੜ੍ਹੀ ਰਹਿੰਦੀ ਸੀ।

ਅਪਾਹਜ ਅੱਜ ਭੰਡਾਰਾ ਤਾਂ ਖਾ ਚੁੱਕੇ ਸਨ ਪਰ ਕੱਪੜੇ ਵੰਡਣ ਲਈ ਸਰਦਾਰ ਹਾਲੀ ਪੁੱਜਿਆ ਨਹੀਂ ਸੀ। ਉਸ ਦੇ ਕਰਿੰਦੇ ਉਦਾਸ ਅਤੇ ਚੁੱਪ ਚਾਪ ਕੰਮੀ ਰੁੱਝੇ ਹੋਏ ਸਨ। ਉਹ ਵੀ ਕੁਝ ਨਹੀਂ ਦਸ ਰਹੇ ਸਨ।

ਲਾਊਡ-ਸਪੀਕਰ ਉਤੇ ਸੂਚਨਾ ਦਿੱਤੀ ਗਈ ਕਿ ਇੱਕ ਹਾਦਸੇ ਵਿੱਚ ਸਰਦਾਰ ਸਾਹਿਬ ਦੀ ਸੱਜੀ ਬਾਂਹ ਅਤੇ ਖੱਬੀ ਲੱਤ ਕੱਟੀਆਂ ਗਈਆਂ ਸਨ। ਬੇਹੋਸ਼ੀ ਦੀ ਹਾਲਤ ਵਿੱਚ ਉਨ੍ਹਾਂ ਨੂੰ ਪੀ.ਜੀ.ਆਈ. ਪਹੁੰਚਾ ਦਿੱਤਾ ਗਿਆ ਸੀ।

ਅਪਾਹਜਾਂ ਨੂੰ ਆਪਣੇ ਮਸੀਹੇ ਦੀ ਅਪਾਹਜਤਾ ਉੱਤੇ ਦੁੱਖ ਨਾਲੋਂ ਹੈਰਾਣੀ ਵਧੇਰੇ ਸੀ।

# ਬੰਦ ਬੂਹੇ

'ਮੈਂ ਕਿਹਾ ਜੀ ਅੱਜ ਦਫਤਰ ਵਿੱਚੋਂ ਸਮਾ ਕੱਢਕੇ ਘਰ ਬੱਚਿਆਂ ਕੋਲ ਗੇੜਾ ਮਾਰ ਜਾਣਾ, ਮੈਂ ਤਾਂ ਸ਼ਾਮ ਨੂੰ ਹੀ ਮੁੜ ਸਕਾਂਗੀ।' ਪਤਨੀ ਨੇ ਤਿਆਰ ਹੁੰਦਿਆਂ ਪਤੀ ਨੂੰ ਕਿਹਾ।

'ਕੀ ਗੱਲ ਅੱਜ ਕੋਈ ਕਿੱਟੀ ਪਾਰਟੀ ਏ?'

'ਨਹੀ, ਕੋਈ ਕਿੱਟੀ ਪਾਰਟੀ ਨਹੀਂ।'

'ਕਿਸੇ ਸਹੇਲੀ ਦਾ ਜਨਮ ਦਿਨ ਹੋਣੈ?'

'ਨਹੀਂ, ਉਹ ਵੀ ਨਹੀਂ।'

'ਤਾਂ ਫਿਰ ਕਿਸੇ ਦੇ ਬੱਚੇ ਦਾ ਹੈਪੀ ਬਰਥ ਡੇ ਹੋਵੇਗਾ?'

'ਅਜਿਹਾ ਵੀ ਕੁਝ ਨਹੀਂ।'

'ਕਿਤੇ ਅੱਜ ਤੁਹਾਡਾ ਲਾਟਰੀ ਦਿਨ ਤਾਂ ਨੀ?'

'ਅੱਠ ਤਾਰੀਖ ਨੂੰ ਲਾਟਰੀ ਦਿਨ ਕਿੱਥੋਂ ਆ ਗਿਆ।'

'ਅੱਛਾ, ਅੱਛਾ ਅੱਜ ਕੌਮਾਂਤਰੀ ਇਸਤਰੀ ਦਿਵਸ ਏ।'

'ਹਾਂ ਇਹੀ ਦਿਨ ਏ ਅੱਜ। ਮਰਦ ਪ੍ਰਧਾਨ ਸਮਾਜ ਵਿੱਚ ਅੱਜ ਅਸੀਂ ਮਰਦਾਂ ਨੂੰ ਲਲਕਾਰਾਂਗੀਆਂ। ਉਨ੍ਹਾਂ ਦੀਆਂ ਵਧੀਕੀਆਂ ਦੱਸਾਂਗੀਆਂ ਅਤੇ ਔਰਤ ਜਾਤੀ ਨੂੰ ਹਲੂਣਕੇ ਜਗਾਵਾਂਗੀਆਂ। ਆਪਣੇ ਹੱਕ ਮੰਗਾਂਗੀਆਂ, ਨਹੀਂ ਸੱਚ ਖੋਹਾਂਗੀਆਂ। ਸਵਾਲ ਸੁਣਾਗੀਆਂ ਨਹੀਂ, ਸਵਾਲ ਕਰਾਂਗੀਆਂ। ਸਾਡੇ ਹੱਕ ਤਲੀ ਤੇ ਰੱਖ।'

ਮਰਦ ਨੇ ਤਾੜੀ ਮਾਰੀ 'ਵਾਹ ਬਹੁਤ ਖੂਬ! ਅਜਿਹੇ ਕਈ ਦਿਨ ਆਕੇ ਲੰਘ ਗਏ ਹਨ ਅੱਜ ਕਲ ਤਾਂ ਰੂੜੀ ਦੀ ਵੀ ਬਾਰਾਂ ਸਾਲ ਪਿਛੋਂ ਨਹੀਂ ਸੁਣੀ ਜਾਂਦੀ।' ਘਰ ਵਾਲੀ ਨੂੰ ਅੰਦਰ ਡੱਕਕੇ, ਮਰਦ ਜਾਂਦਾ ਹੋਇਆ ਬਾਹਰੋਂ ਬੂਹਾ ਬੰਦ ਕਰਕੇ ਜਿੰਦਰਾ ਮਾਰ ਗਿਆ ਸੀ।

# ਖੰਭਾਂ ਦੀ ਡਾਰ

ਧਰਮਜੀਤ ਕੌਰ ਆਪਣੇ ਸੌਹਰੇ ਪਿੰਡ ਤੋਂ ਕਦੇ ਸ਼ਹਿਰ ਇਕੱਲੀ ਨਹੀਂ ਗਈ ਸੀ। ਆਪਦੀਆਂ ਨਿੱਜੀ ਲੋੜਾਂ ਦੀਆਂ ਚੀਜਾਂ ਖਰੀਣ ਲਈ ਉਸ ਨੂੰ ਸ਼ਹਿਰ ਜਾਣਾ ਜਰੂਰ ਪੈਂਦਾ ਸੀ। ਅੱਜ ਵੀ ਉਹ ਇੱਕ ਜਨਾਨੀ ਅਤੇ ਆਪਣੀ ਨਨਦ ਨਾਲ ਜਦ ਸ਼ਹਿਰ ਦੀ ਇੱਕ ਮੁਨਿਆਰੀ ਦੀ ਦੁਕਾਨ ਵਿੱਚ ਖੜ੍ਹੀ ਕੁਝ ਖਰੀਦ ਰਹੀ ਸੀ ਤਾਂ ਇੱਕ ਨੌਜਵਾਨ ਨੇ ਬੜੇ ਤਪਾਕ ਨਾਲ ਉਸ ਨੂੰ ਫਤਹਿ ਬੁਲਾਈ।

ਉਹ ਆਪਣੀਆਂ ਸਾਥਣਾਂ ਨੂੰ ਸੌਦਾ ਖਰੀਦਣ ਲਈ ਕਹਿਕੇ, ਦੋ ਗੱਲਾਂ ਕਰਨ ਲਈ ਉਸ ਨੌਜਵਾਨ ਦੇ ਨਾਲ ਹੀ ਦੁਕਾਨ ਤੋਂ ਬਾਹਰ ਆ ਗਈ ਸੀ। ਉਹ ਗੱਲਾਂ ਕਰਦੇ ਟੁਰਦੇ ਗਏ ਅਤੇ ਚਾਹ ਪੀਣ ਲਈ ਇੱਕ ਦੁਕਾਨ ਉੱਤੇ ਬੈਠ ਗਏ ਸਨ।

ਨੌਜਵਾਨ ਨੇ ਉਨ੍ਹਾਂ ਦੇ ਸਾਂਝੇ ਪਿੰਡ ਦੀਆਂ ਗੱਲਾਂ ਕੀਤੀਆਂ, ਕਾਲਜ ਦੇ ਦਿਨਾਂ ਦੀਆਂ ਯਾਦਾਂ ਵਿੱਚ ਮੁੜ ਰੰਗ ਭਰੇ ਅਤੇ ਇੱਕ ਦੂਜੇ ਦੇ ਬੱਚਿਆਂ ਦੀ ਸੁੱਖ ਸਾਂਦ ਪੁੱਛੀ। ਮੁੰਡੇ ਨੇ ਭੈਣ ਉੱਤੇ ਗਿਲਾ ਕੀਤਾ ਕਿ ਉਸ ਨੇ ਸੋਹਰੀਂ ਆਕੇ ਕਦੇ ਵੀ ਰੱਖੜੀ ਨਹੀਂ ਭੇਜੀ, ਪਿੰਡ ਵਿੱਚ ਰਹਿੰਦੀ ਤਾਂ ਉਹ ਹਰ ਸਾਲ ਉਸ ਨੂੰ ਰੱਖੜੀ ਬਨਿਆ ਕਰਦੀ ਸੀ। ਨੌਜਵਾਨ ਨੇ ਮਠਿਆਈ ਦੇ ਡੱਬੇ ਨਾਲ ਸੌ ਰੁਪਏ ਦਾ ਨੋਟ ਦੇ ਕੇ ਭੈਣ ਨੂੰ ਵਿਦਾ ਕਰ ਦਿੱਤਾ।

ਉਸ ਦੀਆਂ ਸਾਥਨਾਂ ਦੁਕਾਨ ਉੱਤੋਂ ਜਾ ਚੁੱਕੀਆਂ ਸਨ। ਉਸ ਨੇ ਸ਼ਹਿਰ ਵਿੱਚ ਉਨ੍ਹਾਂ ਨੂੰ ਢੂਡਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹ ਕਿਤੇ ਵੀ ਲੱਭ ਨਾ ਸਕੀਆਂ। ਉਹ ਆਖਰੀ ਬਸ ਫੜ ਕੇ ਪਿੰਡ ਪਹੁੰਚ ਗਈ ਸੀ।

ਉਸ ਦੇ ਪਿੰਡ ਵੜਣ ਤੋਂ ਪਹਿਲਾਂ ਹੀ ਖੰਭਾਂ ਦੀਆਂ ਡਾਰਾਂ ਬਣ ਗਈਆਂ ਸਨ। ਪਿੰਡ ਦੀ ਹਰ ਅੱਖ ਉਸ ਦੇ ਮੂੰਹ ਨੂੰ ਨਿਹਾਰ ਕੇ ਉਸ ਦੇ ਤਨ ਨੂੰ ਟੋਹ ਰਹੀ ਸੀ।

# ਪਹਿਚਾਣ

ਸ਼ਹਿਰ ਵਿਚੋਂ ਲੰਘਦੀ ਸੜਕ ਉੱਤੇ ਅਤੇ ਵੱਡੇ ਟੋਭੇ ਦੇ ਆਸੇ ਪਾਸੇ ਝੌਂਪੜੀਆਂ ਦੇ ਦੋ ਹੀ ਵੱਡੇ ਗੜ੍ਹ ਸਨ। ਕਮੇਟੀ ਦੀਆਂ ਵੋਟਾਂ ਪੈਣ ਦੀ ਪੂਰਬ ਸੰਧਿਆ ਦੇ ਘੁੱਪ ਹਨੇਰੇ ਵਿੱਚ ਜੀਪਾਂ ਦੇ ਨਾਲ ਇੱਕ ਟਰੱਕ ਸੜਕ ਕੰਢੇ ਆਕੇ ਰੁਕ ਗਿਆ ਸੀ। ਕੁਝ ਅਣਪਛਾਤੇ ਵਿਅਕਤੀਆਂ ਨੇ ਬੈਟਰੀਆਂ ਦੀ ਸਹਾਇਤਾ ਨਾਲ ਹਰ ਝੁੱਗੀ ਦੀ ਪੜਤਾਲ ਕਰਨੀ ਆਰੰਭ ਦਿੱਤੀ ਸੀ। ਉਹ ਖਾਣ-ਪੀਣ ਦਾ ਸਾਮਾਨ ਦੇ ਕੇ, ਝੁੱਗੀ ਦੇ ਮੁਖੀ ਨਾਲ ਦੋ ਗੱਲਾਂ ਕਰਦੇ ਅਤੇ ਇੱਕ ਲਫਾਫਾ ਫੜਾਕੇ ਦੂਜੀ ਝੌਂਪੜੀ ਅੱਗੇ ਜਾ ਰੁਕਦੇ ਸਨ। ਇੱਕ ਘੰਟੇ ਵਿੱਚ ਝੁੱਗੀਆਂ ਵਾਲਿਆਂ ਦੇ ਦਿਲ ਧੜਕਣ, ਹੱਥ ਚੱਲਣ ਅਤੇ ਮੂੰਹ ਬੋਲਣ ਲੱਗ ਗਏ ਸਨ।

ਟੋਭੇ ਵਾਲੀਆਂ ਝੌਂਪੜੀਆਂ ਵਿੱਚ ਵੀ ਕੁਝ ਅਜਿਹਾ ਹੀ ਪ੍ਰਬੰਧ ਕਰਨ ਵਿੱਚ ਦੂਜੀ ਪਾਰਟੀ ਰੁੱਝੀ ਹੋਈ ਸੀ।

ਅੱਧੀ ਰਾਤ ਨੂੰ ਝੌਂਪੜੀਆਂ ਵਿਚੋਂ ਫਟੜਾਂ ਦੇ ਮੰਜੇ ਹਸਪਤਾਲ ਪੁੱਜਣੇ ਅਰੰਭ ਹੋ ਗਏ ਸਨ। ਦਿਨ ਚੜ੍ਹਦੇ ਨੂੰ ਮਰਦ ਵੋਟਰ ਪੱਟੀਆਂ ਵਿੱਚ ਜਕੜੇ ਫੱਟਾਂ ਦੇ ਦਰਦਾਂ ਨਾਲ ਕੁਰਾਹ ਰਹੇ ਸਨ ਅਤੇ ਇਸਤਰੀ ਵੋਟਰ ਉਨ੍ਹਾਂ ਦੇ ਮੂੰਹਾਂ ਵਿੱਚ ਪਾਣੀ ਪਾ ਰਹੀਆਂ ਸਨ। ਅੱਧ-ਨੰਗੇ ਬੱਚੇ ਰਾਤ ਦੀ ਲੜਾਈ ਤੋਂ ਡਰੇ ਆਪਣੀਆਂ ਮਾਵਾਂ ਦੇ ਗੋਡਿਆਂ ਨਾਲ ਸਹਿਮੇ ਬੈਠੇ ਸਨ। ਵੋਟਾਂ ਦੇ ਏਜੰਟ ਮੁਖੀਆਂ ਦੇ ਚਿਹਰਿਆਂ ਦੀ ਪਹਿਚਾਣ ਵਿੱਚ ਰੁੱਝੇ ਹੋਏ ਸਨ।

# ਹਾਅ ਦਾ ਨਾਹਰਾ

ਗੁਰਦੀਪ ਸਿੰਘ ਬਹੁਤ ਹੀ ਭੈੜੀ ਅਤੇ ਚਿੰਤਾ ਜਨਕ ਹਾਲਤ ਵਿੱਚ ਕਿਸੇ ਦੀ ਮਦਦ ਨਾਲ ਹਸਪਤਾਲ ਪਹੁੰਚ ਗਿਆ ਸੀ। ਹਸਪਤਾਲ ਪਹੁੰਚ ਕੇ ਚਿੰਤਾ ਹੋਰ ਵੀ ਵਧ ਗਈ। ਉਸ ਨੂੰ ਤੁਰੰਤ ਖੂਨ ਦੀ ਲੋੜ ਸੀ ਪਰ ਉਸ ਦੇ ਗਰੁੱਪ ਓ ਨੈਗਟਿਵ ਦਾ ਖੂਨ ਹਸਪਤਾਲ ਵਿੱਚ ਕੱਲ ਖਤਮ ਹੋ ਗਿਆ ਸੀ। ਅੰਤਮ ਸਾਹਾਂ ਉੱਤੇ ਇੱਕ ਸਿਆਸੀ ਲੀਡਰ ਨੂੰ ਕਾਹਲੀ ਵਿੱਚ ਬਾਹਰ ਨਾਹਰੇ ਸੁਣਕੇ- ਸਾਰਾ ਖੂਨ ਹੀ ਚੜ੍ਹਾ ਦਿੱਤਾ ਸੀ। ਉਸ ਦਾ ਅੰਤ ਫਿਰ ਵੀ ਟਾਲਿਆ ਨਹੀਂ ਸੀ ਜਾ ਸਕਿਆ।

ਗੁਰਦੀਪ ਤਾਂ ਇੱਕ ਅੱਤ ਗਰੀਬ ਮਜ਼ਦੂਰ ਸੀ ਜੋ ਹਰ ਰੋਜ਼ ਸਾਈਕਲ ਉੱਤੇ ਦਿਹਾੜੀ ਕਰਨ ਸ਼ਹਿਰ ਜਾਇਆ ਕਰਦਾ ਸੀ। ਅੱਜ ਮੂੰਹ ਹਨੇਰੇ ਸੜਕ ਉੱਤੇ ਜਾਂਦਿਆਂ ਕੋਈ ਟਰੱਕ ਵਾਲਾ ਉਸਨੂੰ ਬੁਰੀ ਤਰ੍ਹਾਂ ਜ਼ਖਮੀ ਕਰਕੇ ਮਰਨ ਲਈ ਉੱਥੇ ਛੱਡ ਕੇ ਆਪ ਰਫੂ ਚੱਕਰ ਹੋ ਗਿਆ ਸੀ।

ਸਰਕਾਰੀ ਹਸਪਤਾਲ ਦੇ ਡਾਕਟਰ ਨੇ ਸ਼ਹਿਰ ਦੀ ਖੂਨਦਾਨ ਭਲਾਈ ਸਭਾ ਅਤੇ ਬਹੁਤ ਸਾਰੇ ਸਬੰਧਤ ਗਰੁੱਪ ਦੇ ਖੂਨ ਦਾਨੀਆਂ ਨੂੰ ਤੁਰੰਤ ਖੂਨ ਦੇਣ ਲਈ ਟੈਲੀਫੋਨ ਤਾਂ ਕੀਤੇ ਸਨ ਪਰ ਸਮੇਂ ਸਿਰ ਖੂਨ ਦੇਣ ਤਾਂ ਕੋਈ ਕੀ ਪੁੱਜਣਾ ਸੀ ਸਮੇਂ ਤੋਂ ਪਿੱਛੋਂ ਵੀ ਕੋਈ ਸਭਾ ਦਾ ਮੈਂਬਰ ਜਾਂ ਖੂਨਦਾਨੀ ਉਸ ਗਰੀਬ ਦੀ ਮੌਤ ਉੱਤੇ 'ਹਾਅ ਦਾ ਨਾਹਰਾ' ਮਾਰਨ ਲਈ ਵੀ ਨਹੀਂ ਸੀ ਪੁੱਜਿਆ।

# ਕੰਜਰ ਖਾਨਾ

ਮਹਾਨ ਕਲਚਰਲ ਪ੍ਰੋਗਰਾਮ ਚੱਲ ਰਿਹਾ ਸੀ। ਪੰਡਾਲ ਵਿੱਚ ਤਿਲ ਸੁੱਟਣ ਦੀ ਵੀ ਥਾਂ ਨਹੀਂ ਸੀ। ਮਹਾਨ ਕਵੀਆਂ, ਲੇਖਕਾਂ, ਬੁੱਧੀ ਜੀਵੀਆਂ, ਸਿਆਸਤਦਾਨਾ ਅਤੇ ਧਾਰਮਿਕ ਹਸਤੀਆਂ ਨੂੰ ਵਿਸ਼ੇਸ਼ ਸੱਦੇ ਭੇਜ ਕੇ ਬੁਲਾਇਆ ਗਿਆ ਸੀ। ਧਾਰਮਿਕ, ਸਾਹਿਤਕ ਅਤੇ ਕੁਝ ਦੇਸ਼ ਭਗਤੀ ਦੇ ਗੀਤਾਂ ਪਿੱਛੋਂ ਪ੍ਰੋਗਰਾਮਾਂ ਦਾ ਰੁੱਖ ਮਨੋਰੰਜਣ ਵੱਲ ਵੱਧ ਰਿਹਾ ਸੀ।

ਪ੍ਰਸਿੱਧ ਔਰਕੈਸਟਰਾ ਦੀ ਧੁੰਨ ਉੱਤੇ ਆਧੁਨਿਕ ਨਾਚ ਕਰਨ ਲਈ ਕੁੜੀਆਂ ਦਾ ਕਰੁੱਪ ਸਟੇਜ ਉੱਤੇ ਪੁੱਜ ਗਿਆ ਸੀ। ਉਨ੍ਹਾਂ ਦੇ ਅੱਧ-ਕੱਜੇ ਸਰੀਰ ਰਬੜ ਦੀਆਂ ਗੁੱਡੀਆਂ ਵਾਂਗ ਦੂਹਰੇ, ਤੀਹਰੇ ਵਲ ਖਾ ਰਹੇ ਸਨ। ਗੀਤ ਦੀ ਧੁੰਨ ਵੱਜ ਰਹੀ ਸੀ.......'ਗੱਲ੍ਹਾ ਗੋਰੀਆਂ ਤੇ ਵਿੱਚ ਟੋਏ.......' ਸਰੋਤੇ ਭਰਵੀਆਂ ਤਾੜੀਆਂ ਮਾਰ ਕੇ, ਕੁੜੀਆਂ ਦੇ ਸਰੀਰਾਂ ਦੀ ਤਾਰੀਫ ਕਰ ਰਹੇ ਸਨ। ਕੁੜੀਆਂ ਖੁਸ਼ੀ ਵਿੱਚ ਹੋਰ ਪੁੱਠੀਆਂ ਸਿੱਧੀਆਂ ਛਾਲਾਂ ਮਾਰ ਰਹੀਆਂ ਸਨ।

ਇੱਕ ਖੁੱਲੀ ਸਫੈਦ ਦਾਹੜੀ ਵਾਲਾ ਬਜ਼ੁਰਗ ਪੰਡਾਲ ਵਿਚੋਂ ਉਠਕੇ ਬਾਹਰ ਜਾਂਦਾ ਕਹਿ ਰਿਹਾ ਸੀ,''ਜਿਸ ਨੂੰ ਤੁਸੀਂ ਹੁਣ ਕਲਚਰਲ ਪ੍ਰੋਗਰਾਮ ਕਹਿੰਦੇ ਹੋ, ਅਸੀਂ ਤਾਂ ਉਸ ਨੂੰ ਕੰਜਰ-ਖਾਨਾ ਕਿਹਾ ਕਰਦੇ ਸੀ। ਇਹ ਸ਼ਰੀਫਾਂ ਦੀ ਜਗ੍ਹਾ ਨਹੀਂ ਹੁੰਦੀ।'' ਉਹ ਪਰਨੇ ਨਾਲ ਮੁੱਛਾਂ ਸਵਾਰਦਾ ਬੂਹਾ ਪਾਰ ਕਰ ਗਿਆ।

# ਦੀਵਾਲੀ

ਮੰਡੀ ਵਿੱਚ ਪਿਆ ਝੋਨਾ ਭਾਵੇਂ ਹਾਲੀ ਵਿਕਿਆ ਨਹੀਂ ਸੀ ਪਰ ਬੱਚਿਆਂ ਲਈ ਦੀਵਾਲੀ ਉੱਤੇ ਕੁਝ ਨਾ ਕੁਝ ਤਾਂ ਕਰਨਾ ਹੀ ਪੈਣਾ ਸੀ। ਆੜਤੀਏ ਅੱਗੇ ਫਿਰ ਹੱਥ ਅੱਡਣ ਤੋਂ ਸਿਵਾ ਹੋਰ ਕੋਈ ਚਾਰਾ ਨਜ਼ਰ ਨਹੀਂ ਆ ਰਿਹਾ ਸੀ। ਪਹਿਲੀ ਫੜੀ ਰਕਮ ਤਾਂ ਕਬੀਲਦਾਰੀ ਦੀਆਂ ਲੋੜਾਂ ਨੇ ਕਦ ਦੀ ਨਿਗਲ ਲਈ ਸੀ।

ਨਿਧਾਨ ਸਿੰਘ ਨੇ ਦਬਮੀ ਜਿਹੀ ਜੀਭ ਨਾਲ ਆੜਤੀਏ ਅੱਗੇ ਫਿਰ ਆਪਣੀ ਮਜਬੂਰੀ ਰੱਖ ਦਿੱਤੀ ਸੀ। ''ਕਰਾਂਗੇ ਕੋਈ ਬੰਨ ਸੁੱਬ, ਜੇ ਹੋ ਸਕਿਆ।'' ਕਹਿਕੇ ਉਹ ਆਪਣੀ ਬਹੀ ਵਿੱਚ ਖੁੱਭ ਗਿਆ ਸੀ।

ਸ਼ਾਮ ਦੇ ਚਾਰ ਵੱਜ ਚੁੱਕੇ ਸਨ। ਪਿੰਡ ਵਾਲੀ ਆਖਰੀ ਬੱਸ ਵੀ ਪੰਜ ਵਜੇ ਨਿਕਲ ਜਾਂਦੀ ਸੀ। ਉਸ ਨੇ ਹੱਥ ਅੱਗੇ ਕੱਢਕੇ ਇਸ਼ਾਰੇ ਨਾਲ ਸੇਠ ਤੋਂ ਅੰਤਮ ਵਾਰ ਫਿਰ ਮੰਗ ਕੀਤੀ। ਬੁੱਝੇ ਜਿਹੇ ਮਨ ਨਾਲ ਉਸਨੇ ਸੌ ਸੌ ਦੇ ਦੋ ਨੋਟ ਉਸ ਦੀ ਵਧੀ ਹਥੇਲੀ ਉੱਤੀ ਧਰਕੇ ਨਾਲ ਹੀ ਬਹੀ ਵਿੱਚ ਝਰੀਟ ਮਾਰ ਦਿੱਤੀ।

ਨਿਧਾਨ ਸਿੰਘ ਨੇ ਬਜਾਰ ਵਿੱਚੋਂ ਦੀ ਲੰਘਦਿਆਂ ਕਾਹਲੀ ਨਾਲ ਪਟਾਕੇ, ਫੁਲਝੜੀਆਂ, ਆਤਸਵਾਜੀਆਂ ਨਾਲ ਮਠਿਆਈ ਖਰੀਦ ਕੇ ਪਰਨੇ ਦੇ ਲੜ ਬੰਨ੍ਹ ਲਈਆਂ ਸਨ। ਸਰੋਂ ਦੇ ਤੇਲ ਦੀ ਬੋਤਲ ਹੱਥ ਵਿੱਚ ਫੜ ਕੇ ਉਹ ਚੱਕਵੇਂ ਪੈਰੀਂ ਬੱਸਾਂ ਦੇ ਅੱਡੇ ਵੱਲ ਚਲ ਪਿਆ ਸੀ।

ਉਸ ਦੇ ਪਿੰਡ ਨੂੰ ਜਾਣ ਵਾਲੀ ਆਖਰੀ ਬੱਸ, ਅੱਡੇ ਤੋਂ ਬਾਹਰ ਨਿਕਲਦੀ ਹੀ ਮਿਲ ਗਈ ਸੀ। ਬੱਸ ਸਵਾਰੀਆਂ ਚੜ੍ਹਾਉਂਦੀ, ਲਾਹੁੰਦੀ ਕੱਚੇ ਰਾਹ ਉੱਤੇ ਕੀੜੀ ਦੀ ਚਾਲ ਚੱਲ ਰਹੀ ਸੀ। ਸੂਰਜ ਛੁਪ ਰਿਹਾ ਸੀ, ਉਸਦਾ ਪਿੰਡ ਹਾਲੀ ਵੀ ਪੰਜ ਮੀਲ ਦੂਰ ਸੀ ਅਤੇ ਬੱਸ ਖਰਾਬ ਹੋ ਕੇ ਖੜ੍ਹ ਗਈ ਸੀ।

ਜਦ ਉਹ ਟੁਰਕੇ ਪਿੰਡ ਪੁੱਜਿਆ, ਦੀਵਾਲੀ ਦੇ ਦੀਵੇ ਬੁੱਝ ਚੁੱਕੇ ਸਨ, ਗਲੀਆਂ ਵਿੱਚ ਮੌਤ ਵਰਗੀ ਚੁੱਪ ਸੀ। ਉਸ ਦੇ ਘਰ ਪੁੱਜਦੇ ਨੂੰ ਸਾਰੇ ਬੱਚੇ ਸੌਂ ਚੁੱਕੇ ਸਨ ਅਤੇ ਉਨ੍ਹਾਂ ਦੀਆਂ ਗੱਲ੍ਹਾਂ ਉੱਤੇ ਹੰਝੂਆਂ ਦੀਆਂ ਘਰਾਲਾਂ ਜੰਮੀਆਂ ਹੋਈਆਂ ਸਨ।

# ਅਣ ਸੋਚਿਆ

ਗੁਜਨ ਸਿੰਘ ਕਦੇ ਪਿੰਡ ਦਾ ਸਰਦਾਰ ਹੁੰਦਾ ਸੀ। ਉਸ ਦੀ ਸੌ ਕਿੱਲੇ ਜ਼ਮੀਨ ਪਿੰਡ ਦੇ ਦੋਵਾਂ ਮੋਘਿਆਂ ਉੱਤੇ ਅੱਧੀ ਅੱਧੀ ਪੈਂਦੀ ਸੀ। ਚਾਰੇ ਪੁੱਤਰਾਂ ਵਿੱਚ ਵੰਡ ਸਮੇਂ ਜਮੀਨ ਟੁੱਕੜੇ ਹੋਕੇ ਰਹਿ ਗਈ ਸੀ। ਚਾਰ ਟਿਊਬਵੈੱਲ ਲਗਦਿਆਂ ਨਵੇਂ ਚਾਰ ਟਰੈਕਟਰ ਵੀ ਆ ਗਏ ਸਨ। ਨੌਜਵਾਨ ਪੀੜ੍ਹੀ ਨੇ ਹੱਥੀਂ ਕੰਮ ਕਰਨਾ ਛੱਡ ਦਿੱਤਾ ਸੀ ਅਤੇ ਸਰਦਾਰੀ ਹੈਂਕੜ ਵਿੱਚ ਕੋਈ ਛੋਟੀ ਨੌਕਰੀ ਵੀ ਨੱਕ ਹੇਠ ਨਹੀਂ ਆਈ ਸੀ। ਟਰੈਕਟਰਾਂ ਦੀਆਂ ਕਿਸ਼ਤਾਂ, ਡੀਜਲ ਦੇ ਖਰਚੇ ਅਤੇ ਮਜਦੂਰਾਂ ਦੀਆਂ ਦਿਹਾੜੀਆਂ ਨੇ ਚਾਰੇ ਪਰਿਵਾਰਾਂ ਨੂੰ ਭੁੰਝੇ ਲਾਹ ਦਿੱਤਾ ਸੀ।

'ਖੇਤੀ ਖਸਮਾ ਸੇਤੀ' ਅਨੁਸਾਰ ਜਦ ਮਾਲਕ ਨੇ ਖੇਤ ਗੇੜਾ ਹੀ ਨਹੀਂ ਮਾਰਨਾ ਤਾਂ ਅਨਾਜ ਦੇ ਵੋਹਲ ਉਸਰਣ ਦੀ ਗੱਲ ਸੁਪਨਾ ਹੋਕੇ ਰਹਿ ਗਈ ਸੀ। ਕਰਜੇ ਦੀਆਂ ਕਿਸ਼ਤਾਂ ਹੀ ਨਹੀਂ ਟੁੱਟਦੀਆਂ ਸਨ ਸਗੋਂ ਵਿਆਜ ਵੀ ਅਸਲ ਵਿੱਚ ਹੀ ਜੁੜਦਾ ਰਹਿੰਦਾ ਸੀ। ਆਮਦਨ ਵਿਚੋਂ ਅੱਧ ਖਾਣ ਪੀਣ ਵੱਡ ਕੇ ਲੈ ਜਾਂਦਾ ਸੀ ਅਤੇ ਬਾਕੀ ਅੱਧ ਨੂੰ ਵਿਆਹ, ਸ਼ਾਦੀਆਂ, ਨਾਨਕ ਛੱਕਾਂ, ਮਰਨੇ ਆਦਿ ਨਿਘਾਰ ਜਾਂਦੇ ਸਨ।

ਛੋਟੇ ਸਰਦਾਰ ਕਰਮਜੀਤ ਸਿੰਘ ਦਾ ਝੋਨਾ ਮੰਡੀ ਰੁਲ ਰਿਹਾ ਸੀ, ਬੱਚੇ ਘਰ ਵਿਲਕ ਰਹੇ ਸਨ ਅਤੇ ਉਹ ਆੜਤੀਆਂ ਦੀ ਚਾਹ ਪੀ ਕੇ ਰਾਤ ਦਿਨ ਝੋਨੇ ਦੀਆਂ ਢੇਰੀਆਂ ਉੱਤੇ ਪਾਸੇ ਰਗੜ ਰਿਹਾ ਸੀ। ਸਦੀਆਂ ਤੋਂ ਦਾਤਾ ਕਹਾਉਣ ਵਾਲਾ ਮੰਗਣ ਦੀ ਸੀਮਾ ਤੱਕ ਪੁੱਜ ਗਿਆ ਸੀ। ਮਾਲਕ ਖਰੀਦਦਾਰ ਦਾ ਮੂੰਹ ਤੱਕ ਰਿਹਾ ਸੀ। ਮੁਲਕ ਕਦੇ ਭੁੱਖਾ ਮਰਦਾ ਸੀ ਪਰ ਅੱਜ ਉਪਜ ਨੂੰ ਚੁੱਕਣ ਲਈ ਨਖਰੇ ਹੋ ਰਹੇ ਹਨ।

ਗਰੀਬ ਦੀਆਂ ਭੁੱਖਾਂ ਤਾਂ ਆਮ ਹੀ ਵੇਖਣ ਨੂੰ ਮਿਲ ਜਾਂਦੀਆਂ ਸਨ, ਪਰ ਦਾਤੇ ਨੂੰ ਭੁੱਖ ਦਾ ਸੰਤਾਪ ਵੀ ਸਹਿਣਾ ਪੈ ਸਕਦਾ ਏ ਇਹ ਅੱਜ ਤਕ ਅਣ-ਸੋਚਿਆ ਹੀ ਸੀ।

# ਭੁੱਖ ਦਾ ਡਕਾਰ

ਹਰਦਮ ਸਿੰਘ ਮੰਡੀ ਵਿੱਚ ਝੋਨਾ ਸੁੱਟ ਤਾਂ ਬੈਠਾ ਸੀ, ਪਰ ਉਸ ਦੇ ਵਿਕਣ ਦੀ ਹਾਲੀ ਕੋਈ ਆਸ ਨਹੀਂ ਸੀ। ਉਹ ਝੋਨੇ ਦੇ ਢੇਰ ਉੱਤੇ ਪਿਆ ਮੁਸੀਬਤਾਂ ਦੀਆਂ ਗਿਣਤੀਆਂ ਕਰ ਰਿਹਾ ਸੀ। ਉਹ ਭੁੱਖੇ ਪੇਟ ਆਪਣੀ ਤੁੱਛ ਬੁੱਧੀ ਨਾਲ ਉਨ੍ਹਾਂ ਦੇ ਹੱਲ ਢੂੰਡਣ ਦੇ ਚੱਕਰਾਂ ਵਿੱਖ ਘੁੰਮ ਰਿਹਾ ਸੀ। ਅੱਧੀ ਰਾਤ ਤੱਕ ਨਾਂ ਉਸ ਦੇ ਹੱਥਾਂ ਤੋਂ ਕਿਸੇ ਹੱਲ ਦਾ ਪੱਲਾ ਹੀ ਫੜ ਹੋਇਆ ਸੀ ਅਤੇ ਨਾ ਹੀ ਉਸ ਦੀ ਅੱਖ ਲੱਗੀ ਸੀ।

ਟਰੈਕਟਰ ਦੀ ਕਿਸਤ ਦੇਣ ਦਾ ਮਸਲਾ ਸਭ ਤੋਂ ਉਪਰ ਸੀ, ਜੋ ਹਨੂੰਮਾਨ ਦੀ ਪੂਛ ਵਾਂਗ ਪ੍ਰਤੀ ਦਿਨ ਵਧੀ ਜਾ ਰਿਹਾ ਸੀ। ਦੂਜੀ ਵੱਡੀ ਮੁਸੀਬਤ ਸੁਸਾਇਟੀ ਦਾ ਕਰਜਾ ਸੀ, ਜਿਸ ਦਾ ਵਿਆਜ ਵੀ ਪੂਰਾ ਨਹੀਂ ਮੁੜਦਾ ਸੀ। ਉਸ ਦੀ ਸੋਚ ਦੇ ਹਰ ਕਦਮ ਨਾਲ ਕਈ ਨਵੀਆਂ ਪੀੜਾਂ ਦੇ ਜਨਮ ਵੀ ਹੋ ਰਹੇ ਸਨ। ਮਾਤਾ ਜੀ ਦੀ ਬਿਮਾਰੀ ਵਧਦੀ ਜਾ ਰਹੀ ਸੀ, ਘਰ ਵਾਲੀ ਦਾ ਜਣੇਪਾ ਸਿਰ ਉੱਤੇ ਪੁੱਜ ਗਿਆ ਸੀ ਅਤੇ ਸੇਠ ਤੋਂ ਵਿਆਜੂ ਫੜਿਆ ਕਰਜਾ ਵੀ ਸੰਘੀ ਘੁੱਟ ਰਿਹਾ ਸੀ।

ਉਸ ਨੂੰ ਜਾਪ ਰਿਹਾ ਸੀ ਕਿ ਉਸ ਦਾ ਵਾਲ ਵਾਲ ਕਰ ਜਾਈਏ ਅਤੇ ਉਸ ਨੂੰ ਹਰ ਪਾਸੇ ਪੈਸੇ ਹੀ ਪੈਸੇ ਦੀ ਲੋੜ ਸੀ। ਉਸ ਨੇ ਅਸਮਾਨ ਵੱਲ ਵੇਖਿਆ, ਦਿਨ ਚੜ੍ਹਨ ਵਾਲਾ ਸੀ। ਉਸ ਦੇ ਭੁੱਖੇ ਪੇਟ ਨੇ ਹੁੱਭਕੀ ਜਿਹੀ ਭਰੀ। ਉਸ ਨੇ ਢੇਰ ਤੋਂ ਉਠਕੇ ਲਾਗੇ ਦੇ ਨਲਕੇ ਤੋਂ ਰਜਕੇ ਪਾਣੀ ਪੀਤਾ ਅਤੇ ਭੁੱਖ ਦਾ ਡਕਾਰ ਮਾਰ ਕੇ ਮੂੰਹੋਂ ਵਾਹਿਗੁਰੂ ਉਚਾਰਿਆ।

# ਅਣ ਆਈ ਮੌਤ

ਅਮਰ ਸਿੰਘ ਪਿਛਨੇ ਪੰਦਰਾਂ ਦਿਨਾਂ ਤੋਂ ਆਪਣੇ ਝੋਨੇ ਦੀ ਰਾਖੀ ਕਰ ਰਿਹਾ ਸੀ। ਦਿਨੇ ਉਹ ਲਾਗੇ ਦੀ ਨਿੰਮ ਹੇਠ ਪਰਨਾ ਸੁੱਟਕੇ ਪਿਆ ਰਹਿੰਦਾ ਅਤੇ ਰਾਤ ਨੂੰ ਢੇਰੀ ਉੱਤੇ ਹੀ ਬਾਂਹ ਦਾ ਸਰਾਹਣਾ ਲਾਕੇ ਟੇਢਾ ਹੋ ਲੈਂਦਾ ਸੀ। ਕਦੇ ਕੋਈ ਪਿੰਡ ਤੋਂ ਆਕੇ ਦੋ ਡੰਗ ਦੀ ਰੋਟੀ ਫੜਾ ਜਾਂਦਾ ਅਤੇ ਕਦੇ ਉਹ ਲਾਗੇ ਦੇ ਢਾਬੇ ਤੋਂ ਦੋ ਰੋਟੀਆਂ ਖਾਕੇ ਗੁਜਾਰਾ ਕਰ ਲੈਂਦਾ ਸੀ। ਜਿਸ ਦਿਨ ਦਿਲ ਬਹੁਤ ਹੀ ਉਦਾਸ ਹੁੰਦਾ ਤਾਂ ਮਸਤ ਲੰਗਰ ਵੀ ਲੰਘ ਜਾਂਦਾ ਸੀ।

ਉਹ ਆੜਤੀਏ ਤੋਂ ਕਈ ਵਾਰ ਪੈਸੇ ਫੜ ਚੁੱਕਿਆ ਸੀ। ਉਹ ਹਰ ਵਾਰੀ ਭੈੜਾ ਜਿਹਾ ਮੂੰਹ ਬਣਾਕੇ ਹੀ ਵੀਹ, ਪੰਜਾਹ ਰੁਪਏ ਹਥੇਲੀ ਧਰਦਾ ਸੀ। ਉਸ ਦੀ ਆਪਣੀ ਕਿਰਤ, ਉਸ ਦੇ ਅੱਗੇ ਰੁਲ ਰਹੀ ਸੀ। ਕੋਈ ਖਰੀਦਦਾਰ ਅੱਵਲ ਤਾਂ ਆਉਂਦਾ ਹੀ ਨਹੀਂ ਸੀ, ਜੇਕਰ ਬੱਧਾ ਰੁੱਧਾ ਕੋਈ ਆ ਵੀ ਜਾਂਦਾ ਤਾ 'ਠੀਕ ਨਹੀ' ਕਹਿਕੇ ਮੂੰਹ ਦੂਜੇ ਪਾਸੇ ਕਰਕੇ ਅੱਗੇ ਟੁਰ ਜਾਂਦਾ ਸੀ। ਉਹ ਕਚੀਚੀਆਂ ਵੱਟਦਾ, ਮੁੱਠੀਆਂ ਮੀਚਦਾ, ਭਵਾਂ ਚੜਾਉਂਦਾ ਪਰ ਸਿਰ ਵਾਲੀਆਂ ਗ਼ਰਜਾਂ ਅਤੇ ਫਰਜਾਂ ਦੀ ਪੰਡ ਉਸ ਨੂੰ ਧਰਤੀ ਵਿੱਚ ਧਸਾ ਦਿੰਦੀ ਸੀ।

ਅਮਰ ਸਿੰਘ ਅੱਧਾ ਤਾਂ ਮੰਡੀ ਵਿੱਚ ਹੀ ਮਰ ਗਿਆ ਸੀ। ਉਹ ਖੇਤ ਗੇੜਾ ਮਾਰਨ ਗਿਆ, ਬਾਕੀ ਫਸਲ ਹਾਲੀ ਖੇਤ ਵਿੱਚ ਹੀ ਰੁਲ ਰਹੀ ਵੇਖਕੇ ਉਸ ਨੂੰ ਚੱਕਰ ਜਿਹਾ ਆਇਆ ਅਤੇ ਉਹ ਉਥੇ ਹੀ ਡਿੱਗ ਪਿਆ।

ਅਮਰ ਦੀ ਅਣਆਈ ਮੌਤ ਲੋਕਾਂ ਦੀ ਸੁੱਤੀ ਸੋਚ ਜਗਾ ਰਹੀ ਸੀ।

# ਸਹਿਯੋਗ

ਇਹ ਕੋਈ ਧੋਖਾ ਨਹੀਂ ਸੀ, ਬਸ ਇੱਕ ਸੌਦਾ ਸੀ ਜਿਹੜਾ ਦੋਵਾਂ ਪਰਵਾਰਾਂ ਵਿੱਚ ਤਹਿ ਹੋ ਗਿਆ ਸੀ। ਇਸ ਨਾਲ ਦੋਵਾਂ ਪਰਵਾਰਾਂ ਦੀਆਂ ਲੋੜਾਂ ਸਹਿਜੇ ਹੀ ਪੂਰੀਆਂ ਹੋ ਜਾਣ ਦੀ ਆਸ ਸੀ। ਲੋੜਾਂ ਦੀ ਪੂਰਤੀ ਹੀ ਅਜਿਹੀਆਂ ਕਾਢਾਂ ਨੂੰ ਜਨਮ ਦਿਆ ਕਰਦੀ ਏ।

ਕਨੇਡਾ ਦੇ ਸ਼ਹਿਰ ਟਰਾਂਟੋ ਵਸਦੇ ਕਨੇਡੀਅਨ ਜੋੜੇ ਦੇ ਸੱਤ ਸਾਲ ਵਿੱਚ ਵੀ ਕੋਈ ਬੱਚਾ ਨਹੀਂ ਹੋਇਆ ਸੀ। ਬੱਚੇ ਦੀ ਖਾਹਿਸ਼ ਉਹਨਾਂ ਨੂੰ ਕੁਝ ਕਰਨ ਲਈ ਮਜ਼ਬੂਰ ਕਰ ਰਹੀ ਸੀ। ਉਨ੍ਹਾਂ ਫੈਸਲਾ ਕਰ ਲਿਆ ਕਿ ਉਹ ਇਕ ਦੂਜੇ ਨੂੰ ਤਲਾਕ ਦੇਕੇ, ਕਿਸੇ ਹੋਰ ਨਾਲ ਸ਼ਾਦੀ ਕਰ ਲੈਣ। ਆਪਣੀ ਬੱਚੇ ਪ੍ਰਤੀ ਰੀਝ ਪੂਰੀ ਕਰਕੇ ਜੇ ਹੋ ਸਕੇ ਤਾਂ ਫਿਰ ਪਤੀ ਪਤਨੀ ਬਣ ਜਾਣ।

ਜਿਸ ਕੰਮਪਾਰਟਮੈਂਟ ਵਿੱਚ ਉਹ ਕਰਾਏ ਉੱਤੇ ਰਹਿੰਦੇ ਸਨ, ਉਸ ਦੇ ਹੇਠਲੇ ਹਿੱਸੇ ਵਿੱਚ ਇੱਕ ਭਾਰਤੀ ਮੂਲ ਦਾ ਪਰਿਵਾਰ ਰਹਿੰਦਾ ਸੀ। ਦੋਵਾਂ ਪਰਿਵਾਰਾਂ ਵਿੱਚ ਮੇਲ ਜੋਲ ਦੀ ਗੂੜੀ ਸਾਂਝ ਸੀ। ਉਨ੍ਹਾਂ ਦੀ ਸਾਂਝ ਵਿੱਚੋਂ ਇੱਕ ਨਵੀਂ ਕਾਢ ਨੇ ਜਨਮ ਲੈ ਲਿਆ ਸੀ।

ਜੋੜੇ ਨੇ ਇੱਕ ਦੂਜੇ ਤੋਂ ਤਲਾਕ ਲੈ ਲਿਆ ਸੀ। ਆਦਮੀ ਨੇ ਭਾਰਤੀ ਮੂਲ ਦੀ ਇੱਕ ਲੜਕੀ ਨਾਲ ਸ਼ਾਦੀ ਕਰ ਲਈ ਜੋ ਸੈਰ ਕਰਨ ਦੇ ਬਹਾਨੇ ਭਾਰਤ ਤੋਂ ਆਈ ਸੀ ਅਤੇ ਇੱਥੇ ਰਹਿਣ ਦਾ ਕੋਈ ਢੰਗ ਸੋਚ ਰਹੀ ਸੀ। ਜਨਾਨੀ ਨੇ ਉਸ ਕੁੜੀ ਦੇ ਮੰਗੇਤਰ ਨੂੰ ਭਾਰਤ ਤੋਂ ਮੰਗਵਾ ਕੇ ਉਸ ਨਾਲ ਸ਼ਾਦੀ ਕਰ ਲਈ ਸੀ।

ਭਾਰਤੀ ਕੁੜੀ ਨੇ ਮੁੰਡੇ ਨੂੰ ਜਨਮ ਦਿੱਤਾ ਅਤੇ ਕਨੇਡੀਅਨ ਜਨਾਨੀ ਦੇ ਲੜਕੀ ਪੈਦਾ ਹੋਈ ਸੀ। ਦੋਵਾਂ ਪਰਿਵਾਰਾਂ ਦੀ ਲੋੜ ਪੂਰਤੀ ਪਿੱਛੋਂ ਜਿੱਥੇ ਦੋ ਤਲਾਕ ਹੋਏ, ਉਥੇ ਇੱਕ ਦੂਜੇ ਦੇ ਸਹਿਯੋਗ ਨਾਲ ਤਿੰਨ ਸ਼ਾਦੀਆਂ ਵੀ ਉਸੇ ਕੰਮਪਾਰਟ ਵਿੱਚ ਸੰਪੂਰਨ ਹੋਈਆਂ ਸਨ।

# ਉਡੀਕ

ਗੁਰਜੰਟ ਸਿੰਘ ਇੱਕ ਹਿੰਮਤੀ, ਦਲੇਰ ਅਤੇ ਚੁਸਤ ਚਲਾਕ ਨੌਜਵਾਨ ਸੀ। ਉਸ ਨੂੰ ਨਜਾਇਜ਼ ਤੌਰ ਤੇ ਕਨੇਡਾ ਆਇਆਂ ਇੱਕ ਸਾਲ ਹੋ ਗਿਆ ਸੀ। ਉਸ ਨੇ ਕਮਾਈ ਤਾਂ ਬਹੁਤ ਕਰ ਲਈ ਸੀ, ਪਰ ਫੜੇ ਜਾਣ ਦਾ ਡਰ ਸਦਾ ਉਸ ਦਾ ਲਹੂ ਸੁਕਾਉਂਦਾ ਰਹਿੰਦਾ ਸੀ। ਉਹ ਪੱਬ ਵਿੱਚ ਬੈਠਾ ਸਮਾ ਲੰਘਾ ਰਿਹਾ ਸੀ। ਉਹ ਪੀ ਤਾਂ ਭਾਵੇਂ ਘੱਟ ਰਿਹਾ ਸੀ ਪਰ ਸੋਚ ਬਹੁਤ ਰਿਹਾ ਸੀ। ਉਸ ਦੇ ਸਾਹਮਣੇ ਦੋ ਹੀ ਰਸਤੇਸਨ। ਜੇਲ੍ਹ ਵਿੱਚ ਜਵਾਨੀ ਦੀ ਜਿੰਦਗੀ ਗੁਜਾਰਣਾ ਜਾਂ ਫਿਰ ਗੋਰੀ ਕਨੇਡੀਅਨ ਦੀਆਂ ਸ਼ਰਤਾਂ ਮੰਨਣਾ। ਉਸ ਨੇ ਆਪਣੀ ਬੀਅਰ ਦਾ ਗਲਾਸ ਖਾਲੀ ਕੀਤਾ ਅਤੇ ਇੱਕ ਦਮ ਖੜ੍ਹਾ ਹੋ ਗਿਆ, ਜਿਵੇਂ ਉਹ ਕਿਸੇ ਅੰਤਮ ਫੈਸਲੇ ਉੱਤੇ ਪੁੱਜ ਗਿਆ ਹੋਵੇ।

ਉਸ ਨੇ ਆਪਣੀ ਸਾਲ ਭਰ ਦੀ ਸਾਰੀ ਕਮਾਈ ਦੇਕੇ ਕੈਥਰੀਨ ਨਾਲ ਕਾਗਜ਼ੀ ਸ਼ਾਦੀ ਕਰਵਾ ਲਈ ਸੀ। ਪਤੀ ਪਤਨੀ ਬਣਨ ਦੀ ਨਾ ਉਨ੍ਹਾਂ ਦੀ ਖਾਹਿਸ਼ ਸੀ ਅਤੇ ਨਾ ਹੀ ਲੋੜ। ਉਹ ਦੋਸਤ ਪਹਿਲਾਂ ਵੀ ਸਨ, ਹੁਣ ਉਨ੍ਹਾਂ ਦੀ ਦੋਸਤੀ ਹੋਰ ਵੀ ਪੀੜੀ ਹੋ ਗਈ ਸੀ। ਉਹ ਛੁੱਟੀ ਵਾਲਾ ਦਿਨ ਸਦਾ ਇਕੱਠੇ ਗੁਜਾਰਦੇ, ਪਰ ਰਾਤਾਂ ਦੀ ਸਾਂਝ ਉਨ੍ਹਾਂ ਦੀ ਸ਼ਾਦੀ ਦੀਆਂ ਸ਼ਰਤਾਂ ਦਾ ਹਿੱਸਾ ਨਹੀਂ ਸੀ।

ਜੇਲ੍ਹ ਜਾਣ ਦਾ ਡਰ ਖਤਮ ਹੁੰਦਿਆਂ ਹੀ ਗੁਰਜੰਟ ਨੇ ਦਿਨ ਰਾਤ ਕਮਾਈ ਕਰਕੇ ਕੁਝ ਮਹੀਨਿਆਂ ਵਿੱਚ ਹੀ ਫਿਰ ਕਾਫੀ ਰਕਮ ਜੋੜ ਲਈ ਸੀ। ਆਪਣੀਆਂ ਅਜਿਹੀਆਂ ਖੁਸ਼ੀਆਂ ਉਹ ਕੈਥੀ ਨਾਲ ਜਰੂਰ ਸਾਂਝੀਆਂ ਕਰ ਲੈਂਦਾ ਸੀ। ਇੱਕ ਦਿਨ ਕੈਥਰੀਨ ਨੇ ਉਸ ਨੂੰ ਦੱਸਿਆ ਕਿ ਉਸ ਦੇ ਗੁਣਾਂ ਕਰਕੇ, ਉਹ ਉਸ ਨੂੰ ਪਿਆਰ ਕਰਨ ਲੱਗ ਗਈ ਏ। ਉਸ ਨੇ ਪਤੀ ਪਤਨੀ ਵਾਂਗ ਉਸ ਦੇ ਫਲੈਟ ਵਿੱਚ ਰਹਿਣ ਦੀ ਤਜਵੀਜ਼ ਵੀ ਰੱਖ ਦਿੱਤੀ।

''ਨਹੀਂ ਪਿਆਰੀ ਕੈਥੀ, ਤੇਰੇ ਨਾਲ ਮੇਲ, ਮੇਰੀ ਮਜ਼ਬੂਰੀ ਸੀ ਖਾਹਿਸ਼ ਨਹੀਂ। ਮੈਂ ਆਪਣੇ ਪਿਆਰ ਅਤੇ ਬੱਚਿਆਂ ਦੀ ਉਡੀਕ ਦਾ ਗਲਾ ਨਹੀਂ ਘੁੱਟ ਸਕਦਾ।'' ਉਹ ਉਠਕੇ ਤੁਰ ਗਿਆ।

# ਸਵੈਮਾਣ

''ਉਸ ਦੀ ਉਮਰ ਵੀ ਕੀ ਏ, ਹਾਲੀ ਪੂਰੇ ਵੀਹ ਸਾਲ ਦੀ ਵੀ ਨਹੀਂ ਹੋਈ। ''ਇਕ ਸਾਲ ਦਾ ਮੁੰਡਾ, ਉਸ ਦਾ ਕਦ ਸਹਾਰਾ ਬਣੇਗਾ, ਬਣੇਗਾ ਵੀ ਜਾਂ ਉਸ ਨੂੰ ਮੰਝਧਾਰ ਵਿੱਚ ਹੀ ਛੱਡ ਜਾਵੇਗਾ।''

ਜਿੰਨੇ ਮੂੰਹ ਉਨੀਆਂ ਹੀ ਗੱਲਾਂ ਹੋ ਰਹੀਆਂ ਸਨ। ਨਿਰਭੈ ਕੌਰ ਦਾ ਪਤੀ ਅੱਤਵਾਦੀਆਂ ਹੱਥੋਂ ਮਾਰਿਆ ਗਿਆ ਸੀ। ਫੁੱਲ ਚੁਕਣ ਪਿੱਛੋਂ ਕੜੀ ਵਰਗੇ ਨੌਜਵਾਨ ਦੀ ਹਿਰਦੇ-ਵੇਧਕ ਮੌਤ ਉੱਤੇ ਕੋਈ ਚਰਚਾ ਨਹੀਂ ਸੀ। ਉਸ ਦੇ ਬੁੱਢੇ ਮਾਪਿਆਂ ਨਾਲ ਕੋਈ ਹਮਦਰਦੀ ਦੇ ਦੋ ਬੋਲ ਸਾਂਝੇ ਨਹੀਂ ਕੀਤੇ ਜਾ ਰਹੇ ਸਨ। ਸਭ ਦੀਆਂ ਗੱਲਾਂ ਦੀ ਕੇਂਦਰ-ਬਿੰਦੂ ਉਸ ਦੀ ਸੁੰਦਰ ਪਤਨੀ ਬਣੀ ਹੋਈ ਸੀ। ਉਸ ਦੇ ਮੁੰਡੇ ਨੂੰ ਕੋਈ ਵਰਦਾਨ ਦੀ ਸੰਗਿਆ ਦਿੰਦਾ ਅਤੇ ਕੋਈ ਉਸ ਦੀ ਬਾਕੀ ਰਹਿੰਦੀ ਲੰਮੀ ਜਿੰਦਗੀ ਦੇ ਰਾਹ ਦਾ ਵੱਡਾ ਰੋੜਾ ਦਸਦਾ ਸੀ। ਸੋਗ ਦੇ ਭੋਗ ਉੱਤੇ ਕਈ ਰਿਸਤੇਦਾਰਾਂ ਨੇ ਯੋਗ ਮੁੰਡਿਆਂ ਦੀਆਂ ਦੱਸਾਂ ਪਾਉਣੀਆਂ ਵੀ ਅਰੰਭ ਕਰ ਦਿੱਤੀਆਂ ਸਨ।

ਨੌਜਵਾਨ ਪਤਨੀ ਦੇ ਸਦਮੇ ਵੱਲ ਕਿਸੇ ਦਾ ਧਿਆਨ ਨਹੀਂ ਸੀ। ਉਸ ਦੇ ਦੁਖੀ ਦਿਲ ਵਿੱਚ ਝਾਤ ਮਾਰਨ ਦੀ ਕਿਸੇ ਕੋਲ ਵੀ ਵਿਹਲ ਨਹੀਂ ਸੀ। ਹਰ ਰਿਸਤੇਦਾਰ ਆਪਣੀ ਸੋਚ ਨੂੰ ਸਰਵ-ਸਰੇਸ਼ਟ ਸਮਝ ਰਿਹਾ ਸੀ। ਪਿਤਾ ਨੂੰ ਆਪਣੀ ਧੀ ਦੀਆਂ ਅੰਤਰੀਵ-ਪੀੜਾਂ ਨੂੰ ਅਨੁਭਵ ਕਰਨ ਦਾ ਅਹਿਸਾਸ ਨਹੀਂ ਸੀ। ਉਹ ਤਾਂ ਰੂੜੀ ਦਾ ਕੂੜਾ ਰੂੜੀ ਉੱਤੇ ਹੀ ਸੁੱਟਣ ਦੀ ਕਾਹਲ ਵਿੱਚ ਸੀ।

''ਮੈਂ ਰੂੜੀ ਦਾ ਕੂੜਾ ਨਹੀਂ, ਕਿਸੇ ਦੇ ਘਰ ਦੀ ਇੱਜਤ ਹਾਂ, ਆਪਣੇ ਬੱਚੇ ਦਾ ਉੱਜਲਾ-ਭਵਿੱਖ। ਇਹ ਦੰਦ ਕਥਾ ਬੰਦ ਕਰੋ, ਮੈਂ ਆਪਣੇ ਫੈਸਲੇ ਆਪ ਕਰਾਂਗੀ।'' ਨੌਜਵਾਨ ਵਿਧਵਾ ਦਾ ਸਵੈਮਾਣ ਦਹਾੜਿਆ।

# ਕਾਲਜੀ-ਕਾਂਨ੍ਹ

ਕਾਲਜ ਦੀਆਂ ਸ਼ਰਾਰਤੀ ਕੁੜੀਆਂ ਦਾ ਗਰੁੱਪ ਕੰਟੀਨ ਦੇ ਲਾਗੇ ਹਰੇ ਘਾਹ ਉੱਤੇ ਬੈਠਾ ਹਾਸੇ, ਮਖੌਲ ਦਾ ਅਨੰਦ ਮਾਣ ਰਿਹਾ ਸੀ। ਇਹ ਗਰੁੱਪ ਖਾਣ-ਪੀਣ ਦਾ ਪ੍ਰਬੰਧ ਸਦਾ ਮੁੰਡਿਆਂ ਨੂੰ ਮੂਰਖ ਬਣਾ ਕੇ ਕਰਿਆ ਕਰਦਾ ਸੀ। ਗਰਮ ਚਾਹ ਨਾਲ ਸਮੋਸਿਆਂ ਅਤੇ ਗੁਲਾਬ ਜਾਮਨਾਂ ਲਈ ਉਨ੍ਹਾਂ ਦੇ ਮੂੰਹਾਂ ਵਿੱਚੋਂ ਲਾਲ੍ਹਾਂ ਡਿੱਗ ਰਹੀਆਂ ਸਨ।

ਅੱਜ ਦੀ ਚਾਹ ਖਰੀ ਕਰਨ ਦੀ ਜੁਮੇਵਾਰੀ ਅੱਤ ਸੋਹਣੀ ਕੁੜੀ ਗੁਲਬਦਨ ਦੀ ਸੀ ਜਿਸ ਦੀ 'ਹਾਂ' ਲਈ ਕਈ ਕਾਲਜੀ ਮਜ਼ਨੂੰ ਉਸ ਦੀਆਂ ਪੈੜਾਂ ਮਿੱਧਦੇ ਫਿਰਦੇ ਸਨ।

'ਹਾਈ ਰਮੇਸ਼।' ਕੁੜੀ ਦੀ ਮਿੱਠੀ ਆਵਾਜ ਨੇ ਦੂਰੋਂ ਆਉਂਦੇ ਮੁੰਡੇ ਦੇ ਪੈਰ ਜਕੜ ਦਿੱਤੇ ਸਨ। ਗੁਲਬਦਨ ਨੇ ਬੜੇ ਤਪਾਕ ਨਾਲ ਹੱਥ ਮਿਲਾਇਆ, ਦੋ ਚਾਰ ਪਿਆਰ ਨਖਰੇ ਕੀਤੇ। ਮੁੰਡੇ ਦੀਆਂ ਅੱਖਾਂ ਵਿੱਚ ਇਸ਼ਕ ਦੇ ਲਾਲ ਡੋਰੇ ਉਤਰਦੇ ਵੇਖ ਕੇ,ਆਪਣੀਆਂ ਅੱਖਾਂ ਮਟਕਾਈਆਂ ਅਤੇ ਮੂੰਹ ਉੱਤੇ ਮੁਸਕਰਾਹਟ ਫਲਾਕੇ ਪੁੱਛਿਆ।

'ਅੱਜ ਚਾਹ ਪੀਓਗੇ ਜਾਂ ਪਿਲਾਓਗੇ?'

'ਤੁਹਾਡੇ ਉਤੋਂ ਤਾਂ ਪੰਜਾਹ ਚਾਹਾਂ ਵਾਰ ਦੇਵਾਂ।' ਮੁੰਡਾ ਪਸਮ ਪਿਆ ਸੀ।

'ਪੰਜਾਹ ਨਹੀਂ ਕੇਵਲ ਦਸ।' ਆਓ ਪਹਿਲਾਂ ਮੈਂ ਤੁਹਾਨੂੰ ਆਪਣੀਆਂ ਸਹੇਲੀਆਂ ਨਾਲ ਮਿਲਾਵਾਂ।

ਗਰੁੱਪ ਚਾਹ ਪੀ ਰਿਹਾ ਸੀ ਅਤੇ ਕੁੜੀਆਂ ਚੋਹਲ ਵੀ ਕਰ ਰਹੀਆਂ ਸਨ। ਕਲਯੁਗੀ ਗੋਪੀਆਂ ਵਿੱਚ ਕਾਲਜੀ-ਕਾਨ੍ਹ ਫਸ ਗਿਆ ਸੀ। ਉਹ ਵੀ ਸਭ ਸਮਝਦਾ ਸੀ। ਪਰ ਫਸ ਗਈ ਤਾਂ ਫਟਕਣ ਕੀ।

# ਸਜਰਾ ਸੰਧੂਰ

ਸਭ ਕੁਝ ਸਧਾਰਨ ਵਾਂਗ ਸੀ ਅਤੇ ਉਚੇਚ ਵਾਲੀ ਕੋਈ ਵੀ ਗੱਲ ਨਹੀਂ ਸੀ। ਕਚਹਿਰੀ ਵਿੱਚ ਸ਼ਾਦੀ ਕਰਕੇ ਉਹ ਘਰ ਪਹੁੰਚ ਗਏ ਸਨ। ਬਹਾਦਰ ਸਿੰਘ ਦੇਮਾਪੇ ਉਸ ਦੀ ਮਨ ਮਰਜੀ ਕਰਨ ਉੱਤੇ ਸਖਤ ਨਰਾਜ਼ ਸਨ ਅਤੇ ਸਵੀਤਾ ਦੇ ਸੌਹਰੇ ਉਸ ਦੇ ਅੱਤ ਕਾਹਲੇ ਭਾਵਨਾਤਮਕ ਫੈਸਲੇ ਉੱਤੇ ਦੰਦ ਪੀਹ ਰਹੇ ਸਨ।

ਬਹਾਦਰ ਸਿੰਘ ਨੇ ਜੋ ਕੁਝ ਕੀਤਾ ਸੀ ਕੇਵਲ ਪਰਉਪਕਾਰ ਲਈ ਹੀ ਕੀਤਾ ਸੀ। ਦੁਰਘਟਨਾ ਵਿੱਚ ਸਖਤ ਜਖਮੀ ਹੋਏ ਆਦਮੀ ਨੂੰ ਹਸਪਤਾਲ ਵਿੱਚ ਪਹੁੰਚਾਉਣਾ ਉਸਦਾ ਕੁਦਰਤੀ ਫਰਜ ਸੀ। ਜਖਮੀ ਦੀ ਤਨ ਮਨ ਅਤੇ ਕੁਝ ਧਨ ਨਾਲ ਮਦਦ ਕਰਨੀ ਸਿਰਫ ਇਨਸਾਨੀ ਹਮਦਰਦੀ ਸੀ। ਉਸ ਵਲੋਂ ਹਰ ਸੰਭਵ ਯਤਨ ਕਰਨ ਤੇ ਵੀ ਸਵੀਤਾ ਦਾ ਪਤੀ ਬਚ ਨਹੀਂ ਸਕਿਆ ਸੀ।

ਸਵੀਤਾ ਦੀ ਸਿਆਣਪ, ਦਲੇਰੀ ਅਤੇ ਦੂਰਦਰਸ਼ਤਾ ਉੱਤੇ ਉਹ ਹੈਰਾਨ ਹੀ ਤਾਂ ਰਹਿ ਗਿਆ ਸੀ। ਭੂਤ ਦੀਆਂ ਸੰਸਕਾਰਕ ਬੇੜੀਆਂ ਨੂੰ ਤੋੜ, ਵਰਤਮਾਨ ਦੀਆਂ ਸਮਾਜਿਕ ਕਰੋਪੀਆਂ ਨੂੰ ਪਾਸੇ ਨਾਲ ਮਲ, ਇੱਕ ਵਿਧਵਾ ਨੇ ਆਪਣੇ ਭਵਿੱਖ ਦੀ ਮਾਂਗ ਵਿੱਚ ਸਜਰਾ ਸੰਧੂਰ ਭਰ ਲਿਆ ਸੀ।

# ਤੀਜੀ ਔਰਤ

ਨਵਦੀਪ ਸਿੰਘ ਤੀਹ ਸਾਲ ਦਾ ਸੁੰਦਰ, ਸਡੌਲ ਅਤੇ ਸੰਵੇਦਨਸ਼ੀਲ ਨੌਜਵਾਨ ਸੀ। ਉਸ ਦਾ ਮਿੱਠਾ ਬਚਪਣ ਇੱਕ ਅੱਤ ਸੋਹਣੀ, ਸੁਸ਼ੀਲ ਅਤੇ ਸੁਚੱਜੀ ਔਰਤ ਨਾਲ ਬੀਤਿਆ, ਜਿਸ ਨੇ ਉਸ ਦੀਆਂ ਸਰੀਰਕ, ਮਾਨਸਿਕ ਅਤੇ ਸਮਾਜਿਕ ਲੋੜਾਂ ਦਾ ਪੂਰਾ ਧਿਆਨ ਹੀ ਨਹੀਂ ਰੱਖਿਆ ਸਗੋਂ ਉਨ੍ਹਾਂ ਦੀ ਪੂਰਤੀ ਲਈ ਸਖਤ ਪਹਿਰਾ ਦੇ ਕੇ ਉਸ ਨੂੰ ਜਵਾਨੀ ਦੀ ਉਂਗਲੀ ਲਾ ਦਿੱਤਾ ਸੀ।

ਦੂਜੀ ਔਰਤ ਉਸ ਨੂੰ ਬਹੁਤ ਹੀ ਕੋਮਲ ਪਿਆਰੀ ਅਤੇ ਸਹਿਣ-ਸ਼ੀਲ ਮਿਲੀ ਜਿਸ ਨੇ ਉਸ ਦੇ ਰੱਖੜੀਆਂ ਬੰਨੀਆਂ, ਉਂਗਲਾਂ ਫੜੀਆਂ, ਖੇਡਾਂ ਵਿੱਚ ਸਾਥੀ ਬਣੀ, ਉਸ ਲਈ ਕੁੱਟਾਂ ਖਾਦੀਆਂ ਅਤੇ ਆਪਣਾ ਸਾਰਾ ਪਿਆਰ ਉਸ ਤੋਂ ਨਿਛਾਵਰ ਕਰ ਦਿੱਤਾ ਸੀ।

ਉਹ ਸਭ ਕੁਝ ਸਰਹੱਦੋਂ ਪਾਰ ਛੱਡ ਕੇ ਨਵੇਂ ਦੇਸ਼ ਆ ਗਿਆ ਸੀ। ਉਹ ਲੰਮਾ ਸਮਾਂ ਕਿਸੇ ਆਪਣੇ ਨੂੰ ਢੂੰਡਦਾ ਰਿਹਾ ਸੀ। ਆਪਣਾ ਤਾਂ ਉਸ ਨੂੰ ਕੀ ਮਿਲਣਾ ਸੀ, ਕਿਸੇ ਚਿਹਰੇ ਤੋਂ ਆਪਣੇ ਹੋਣ ਦਾ ਭੌਲਾ ਵੀ ਨਹੀਂ ਪਿਆ ਸੀ। ਉਹ ਕਿਸੇ ਤੀਜੀ ਔਰਤ ਦੀ ਭਾਲ ਕਰ ਰਿਹਾ ਸੀ, ਜੋ ਉਸ ਨਾਲ ਗੂੜੀ ਸਾਂਝ ਪਾਕੇ ਉਸਦਾ ਹੱਥ ਫੜ ਸਕੇ। ਉਸ ਦਾ ਅੰਦਰਲਾ ਫਰੋਲ ਕੇ ਆਪਣੇ ਅੰਦਰ ਦੀ ਝਾਤ ਪਵਾ ਸਕੇ। ਉਸ ਨੂੰ ਕਦੇ ਮਨ-ਇੱਛਤ ਚਿਹਰੇ ਦਾ ਨਿੱਘਾ ਹੁੰਗਾਰਾ ਨਾ ਮਿਲ ਸਕਿਆ।

ਉਹ ਆਪਣੀ ਜਵਾਨੀ ਤੋਂ ਅੱਕ ਗਿਆ ਸੀ। ਹਰ ਸਮੇਂ ਦੇ ਸੀਰੀਰਕ ਤਨਾਓ ਉਸ ਨੂੰ ਅਸਹਿ ਜਾਪਣ ਲੱਗ ਗਏ ਸਨ। ਹੋਰ ਉਡੀਕ ਹੁਣ ਉਸ ਦੀ ਸਹਿਣ-ਸਮਰਥਾ ਤੋਂ ਬਾਹਰ ਹੁੰਦੀ ਜਾ ਰਹੀ ਸੀ। ਲੋਕ ਅੱਖਾਂ ਤੋਂ ਬਚਦਾ ਅਤੇ ਆਪਦੀਆਂ ਅੱਖਾਂ ਮੀਚਦਾ ਕਿਸੇ ਤੀਜੀ ਔਰਤ ਦੀ ਭਾਲ ਵਿੱਚ ਉਹ ਚੁਬਾਰੇ ਦੀਆਂ ਪੌੜੀਆਂ ਚੜ੍ਹ ਰਿਹਾ ਸੀ।

# ਜੈ ਮਾਲਾ

ਮੇਲੇ ਵਿੱਚ ਪੂਰੀ ਗਹਿਮਾ ਗਹਿਮੀ ਸੀ। ਮੋਢੇ ਨਾਲ ਮੋਢਾ ਖਹਿ ਰਿਹਾ ਸੀ। ਆਮ ਲੋਕਾਂ ਨਾਲ ਮੁੰਡਿਆਂ ਅਤੇ ਕੁੜੀਆਂ ਦੀਆਂ ਵੱਖ ਵੱਖ ਢਾਣੀਆਂ ਮੇਲੇ ਦਾ ਅਨੰਦ ਮਾਣ ਰਹੀਆਂ ਸਨ। 'ਮੇਲਾ ਮੇਲੀ ਦਾ, ਰੁਪਏ ਧੇਲੀ ਦਾ' ਦੇ ਅਖਾਣ ਅਨੁਸਾਰ ਪੁਰਾਣੇ ਦੋਸਤ ਮਿੱਤਰ ਅਤੇ ਸਹੇਲੀਆਂ ਮਿਲ ਰਹੀਆਂ ਸਨ ਅਤੇ ਜੇਬਾਂ ਹੌਲੀਆਂ ਹੁੰਦੀਆਂ ਜਾ ਰਹੀਆਂ ਸਨ।

ਮੇਲੇ ਦੇ ਇੱਕ ਪਾਸੇ ਮਨੋਰੰਜਨ ਦੇ ਸਾਧਨ ਚੱਲ ਰਹੇ ਸਨ। ਇੱਕ ਨਵੇਕਲੀ ਜਿਹੀ ਸਟਾਲ ਉੱਤੇ ਬਹੁਤ ਸਾਰੇ ਭਕਾਣੇ ਭਰ ਕੇ ਟੰਗੇ ਹੋਏ ਸਨ। ਛੋਟੀ ਜਿਹੀ ਰੋੜਾਂ ਵਾਲੀ ਬੰਦੂਕ ਨਾਲ ਨਿਸ਼ਾਨੇਬਾਜ਼ੀ ਚਲ ਰਹੀ ਸੀ। ਇੱਕ ਪ੍ਰੇਮ-ਜੋੜੀ ਬੜੀ ਦਿਲਚਸਪੀ ਨਾਲ ਉਸ ਨੂੰ ਵੇਖ ਰਹੀ ਸੀ।

'ਕਿਉਂ ਰਚਾਉਣੈ ਮੈਚ?' ਕੁੜੀ ਨੇ ਪੁੱਛਿਆ।

'ਹੋ ਜੇ ਫਿਰ, ਨਾਲੇ ਪਰਖ ਹੋਜੂ ਗੀ।' ਮੁੰਡਾ ਜਿਵੇਂ ਪਹਿਲਾਂ ਹੀ ਤਿਆਰ ਸੀ।

ਕੁੜੀ ਨੇ ਪੰਜ ਨਸ਼ਾਨਿਆਂ ਵਿੱਚ ਪੰਜ ਭਕਾਣੇ ਤੋੜ ਦਿੱਤੇ, ਪਰ ਮੁੰਡਾ ਪੰਜ ਨਿਸ਼ਾਨਿਆਂ ਵਿੱਚੋਂ ਕੇਵਲ ਤਿੰਨ ਵਿੱਚ ਸਫਲ ਹੋ ਸਕਿਆ।

'ਸਵੰਬਰ ਤਾਂ ਤੁਸੀਂ ਹਾਰ ਗਏ।' ਮੁੰਡੇ ਦਾ ਮੂੰਹ ਉੱਤਰਿਆ ਹੋਇਆ ਸੀ।

'ਘਬਰਾਓ ਨਾ ਜੈ ਮਾਲਾ ਹਾਲੀ ਵੀ ਮੇਰੇ ਹੱਥ ਏ।' ਕੁੜੀ ਦੀ ਮੁਸ਼ਕਰਾਹਟ ਨੇ ਮੁੰਡੇ ਨੂੰ ਫਿਰ ਟਹਿਕਾ ਦਿੱਤਾ ਸੀ।

# ਲਾਸ਼

ਕੁਦਰਤ ਦੀ ਇਹ ਕਿਹੀ ਕਰੋਪੀ ਸੀ। ਪਿੰਡ ਵਿੱਚੋਂ ਮੁਕਦਾ ਮੁਕਦਾ ਅਨਾਜ ਮੁੱਕ ਗਿਆ ਸੀ ਅਤੇ ਸੁਕਦਾ, ਸੁਕਦਾ ਹਰ ਸੋਮੇ ਵਿੱਚੋਂ ਪਾਣੀ ਸੁੱਕ ਗਿਆ ਸੀ। ਭੁੱਖੇ, ਪਿਆਸੇ ਲੋਕ ਕਰਦੇ ਵੀ ਤਾਂ ਕੀ ਕਰਦੇ। ਜਿਸ ਘਰ ਦਾ ਕੋਈ ਜੀਅ ਮਰਦਾ, ਉਸ ਨੂੰ ਅੰਦਰ ਸਵਾਤ ਵਿੱਚ ਰੱਖਕੇ, ਦੂਜਿਆਂ ਨੂੰ ਬਚਾਉਣ ਦੇ ਆਹਰ ਵਿੱਚ ਲੱਗ ਜਾਂਦੇ ਸਨ।

ਸਾਰਾ ਪਰਿਵਾਰ ਕਾਲ ਦੀ ਭੇਟ ਚੜ੍ਹ ਚੁੱਕਿਆ ਸੀ। ਇੱਕ ਅੱਸੀ ਸਾਲ ਦੀ ਬੁੱਢੀ ਅੱਤ ਪਿਆਸੀ ਅਤੇ ਅੱਧ-ਬੇਹੋਸ਼ੀ ਦੀ ਹਾਲਤ ਵਿੱਚ ਮਰ ਚੁੱਕੇ ਪਰਿਵਾਰ ਦੀਆਂ ਲਾਸ਼ਾਂ ਦੀ ਰਾਖੀ ਕਰ ਰਹੀ ਸੀ।

ਪਾਣੀ ਦੇ ਟੈਂਕਰ ਤੇ ਖਾਣ ਵਾਲੀਆਂ ਚੀਜਾਂ ਦੇ ਟਰੱਕ ਪਿੰਡ ਪਹੁੰਚ ਚੁੱਕੇ ਸਨ। ਬੁੱਢੀ ਨੇ ਰਜਕੇ ਪਾਣੀ ਪੀਤਾ ਅਤੇ ਪਿਉਣ ਵਾਲਿਆਂ ਨੂੰ ਦਿਲੀ ਅਸੀਸਾਂ ਦਿੱਤੀਆਂ। ਪਰਿਵਾਰ ਦੀਆਂ ਲਾਸ਼ਾਂ ਵੱਲ ਤੱਕਕੇ ਉਸ ਨੇ ਇੱਕ ਦਰਦੀਲਾ ਹੌਂਕਾ ਲਿਆ। ਹੁਣ ਉਹ ਵੀ ਇੱਕ ਲਾਸ਼ ਸੀ।

# ਸਾਂਝੀ-ਚਿਤਾ

ਮਿਰਚੂ ਰਾਮ ਦਾ ਸਾਰਾ ਪਰਿਵਾਰ ਅਤੇ ਉਸ ਦਾ ਘਰ ਤਾਂ ਪਹਿਲਾਂ ਹੀ ਗੁਜਰਾਤ ਦੇ ਭੁਚਾਲ ਦੀ ਭੇਟ ਹੋ ਗਏ ਸਨ। ਉਹ ਅਤੇ ਉਸ ਦੀ ਪਤਨੀ ਰਾਜਸਥਾਨ ਵਿੱਚ ਰਹਿੰਦੇ ਹੋਣ ਕਰਕੇ ਬਚ ਗਏ ਸਨ। ਉਹ ਮੌਤ ਵਰਗੀ ਜ਼ਿੰਦਗੀ ਨੂੰ ਕਾਨਿਆਂ ਦੀ ਝੌਂਪੜੀ ਵਿੱਚ ਵਿਤਾ ਰਹੇ ਸਨ।

ਸੋਕੇ ਦੀ ਭਿਆਣਕ ਸਥਿਤੀ ਉਨ੍ਹਾਂ ਦੇ ਸਿਰਾਂ ਉੱਤੋਂ ਲੰਘ ਰਹੀ ਸੀ। ਲੋਕ ਪਾਣੀ ਦੀ ਇੱਕ ਇੱਕ ਬੂੰਦ ਨੂੰ ਤਰਸ ਰਹੇ ਸਨ। ਉਸ ਦੀ ਪਤਨੀ ਸਖਤ ਗਰਮੀ ਵਿੱਚ ਦੋ ਕੋਹ ਦੂਰ ਪਾਣੀ ਲੈਣ ਜਾਂਦੀ ਸੀ। ਇੱਕ ਦਿਨ ਉਹ ਵਾਪਸ ਆਉਂਦੀ ਪਿੰਡ ਲਾਗੇ ਡਿਗਦਿਆਂ ਆਪਣੀ ਘੜੀ ਆਪ ਭੰਨਕੇ ਦਮ ਤੋੜ ਗਈ ਸੀ।

ਉਹ ਆਪਣੀ ਕਾਲੀ ਕਲੂਟੀ, ਹੱਡੀਆਂ ਦੀ ਮੁੱਠ ਰੂਪਮਤੀ ਦੀ ਚਿਣੀ ਜਾਂਦੀ ਚਿਤਾ ਨੂੰ ਪੱਥਰ ਹੋਈਆਂ ਅੱਖਾਂ ਨਾਲ ਵੇਖ ਰਿਹਾ ਸੀ। ਚਿਤਾ ਨੂੰ ਅੱਗ ਲਾਉਣ ਤੋਂ ਪਹਿਲਾਂ ਉਸ ਨੂੰ ਚੇਤਾ ਆਇਆ ਕਿ ਉਸ ਦੀ ਆਪਣੀ ਚਿਤਾ ਨੂੰ ਕੌਣ ਅੱਗ ਲਾਵੇਗਾ। ਉਸ ਨੂੰ ਚੱਕਰ ਜਿਹਾ ਆਇਆ ਅਤੇ ਫਿਰ ਗਸ਼ ਖਾ ਕੇ ਡਿੱਗ ਪਿਆ।

ਪਤੀ, ਪਤਨੀ ਦੀ ਸਾਂਝੀ-ਚਿਤਾ ਨੂੰ ਉਸ ਦਾ ਕੋਈ ਗਵਾਂਢੀ ਅੱਗ ਵਿਖਾ ਰਿਹਾ ਸੀ।

# ਅਹਿਮ ਸਮੱਸਿਆ

ਲੋਕਾਂ ਦੇ ਦਿਲਾਂ ਵਿੱਚ ਅਪਾਹਜਾਂ ਪ੍ਰਤੀ ਹਮਦਰਦੀ ਜਗਾਉਣ ਲਈ ਸਰਕਾਰੀ ਪੱਧਰ ਉੱਤੇ ਇੱਕ ਵਿਸ਼ਾਲ ਸਮਾਗਮ ਹੋ ਰਿਹਾ ਸੀ। ਦੂਰ ਦੁਰਾਡੇ ਪਿੰਡਾਂ ਵਿੱਚੋਂ ਅਪਾਹਜ ਵਿਸ਼ੇਸ਼ ਸਾਧਨਾਂ ਰਾਹੀਂ ਲਿਆਂਦੇ ਗਏ ਸਨ। ਇਸ ਮਹੱਤਵਪੂਰਨ ਵਿਸ਼ੇ ਉਤੇ ਵਿਚਾਰ ਪ੍ਰਗਟ ਕਰਨ ਲਈ ਕੇਂਦਰ ਅਤੇ ਸਟੇਟ ਦੇ ਮੰਤਰੀ ਵੱਡੀ ਗਿਣਤੀ ਵਿੱਚ ਪੁੱਜ ਰਹੇ ਸਨ।

ਛੋਟੇ ਅਪਾਹਜ ਬੱਚਿਆਂ ਨੂੰ ਫੁੱਲਾਂ ਦੇ ਹਾਰ ਦੇ ਕੇ ਸਵਾਗਤ ਲਈ ਲੰਮੀਆਂ ਕਤਾਰਾਂ ਵਿੱਚ ਖੜ੍ਹਾ ਕੀਤਾ ਗਿਆ ਸੀ। ਮੁੱਖ ਮਹਿਮਾਨ ਦਾ ਪੁੱਜਣਾ ਲੇਟ ਹੋਕੇ ਹੁਣ ਬਹੁਤ ਲੇਟ ਹੋ ਗਿਆ ਸੀ। ਭੁੱਖੇ, ਪਿਆਸੇ ਬੱਚੇ ਗਰਮੀ ਵਿੱਚ ਤੰਗ ਹੋ ਰਹੇ ਸਨ। ਕਈ ਆਪਣੀਆਂ ਫੌੜੀਆਂ ਉੱਤੇ ਖੜ੍ਹੇ ਥੱਕ ਗਏ ਸਨ।

ਮੁੱਖ ਮਹਿਮਾਨ ਦਾ ਕਾਫਲਾ ਪੁੱਜ ਗਿਆ ਸੀ। ਬੱਚਿਆਂ ਤੋਂ ਝੁਕਕੇ ਹਾਰ ਪਵਾਏ ਜਾ ਰਹੇ ਸਨ। ਬਹੁਤ ਛੋਟੇ ਬੱਚਿਆਂ ਤੋਂ ਮਾਪੇ ਗੋਦੀ ਚੁੱਕਕੇ ਸਤਿਕਾਰ ਕਰਵਾ ਰਹੇ ਸਨ ਅਤੇ ਨੇਤਰ ਹੀਣ ਬੱਚਿਆਂ ਦੀ ਸਰਕਾਰੀ ਕਰਮਚਾਰੀ ਸਹਾਇਤਾ ਕਰ ਰਹੇ ਸਨ। ਮਹਿਮਾਨ ਦਾ ਗਲਾ ਭਾਵੇਂ ਬੱਚਿਆਂ ਦੇ ਹਾਰਾਂ ਦੇ ਭਾਰ ਨਾਲ ਕੁਝ ਝੁਕ ਗਿਆ ਸੀ ਪਰ ਉਸ ਦਾ ਕਰ-ਕਮਲ ਕਿਸੇ ਬੱਚੇ ਦੇ ਮੂੰਹ ਉੱਤੇ ਪਿਆਰ ਦੀ ਛੋਹ ਦੇਣ ਲਈ ਨਹੀਂ ਉੱਠਿਆ ਸੀ।

ਸਮਾਗਮ ਅਰੰਭ ਹੁੰਦਿਆਂ ਹੀ ਅਪਾਹਜਾਂ ਦਾ ਹੇਜ ਖਤਮ ਹੋ ਗਿਆ ਸੀ। ਛੋਟੇ ਲੀਡਰ ਅਤੇ ਵੱਡੇ ਅਫਸਰ ਮੁੱਖ ਮਹਿਮਾਨ ਦੀ ਚਾਪਲੂਸੀ ਵਿੱਚ ਰੁੱਝ ਗਏ ਸਨ। ਕਾਜੂ, ਪਿਸਤੇ, ਬਦਾਮ ਆਦਿ ਦੀਆਂ ਪਲੇਟਾਂ ਮਹਿਮਾਨ ਅੱਗੇ ਕਰਕੇ ਆਪਣੀਆਂ ਹਾਜਰੀਆਂ ਲਗਵਾਈਆਂ ਜਾ ਰਹੀਆਂ ਸਨ।

ਬੜੀਆਂ ਮਹੱਤਵਪੂਰਨ ਤਕਰੀਰਾਂ ਕੀਤੀਆਂ ਗਈਆਂ। ਅਪਾਹਜਾਂ ਲਈ ਭਵਿੱਖ ਵਿੱਚ ਉਲੀਕੀਆਂ ਜਾ ਰਹੀਆਂ ਯੋਜਨਾਵਾਂ ਦੀ ਰੂਪ ਰੇਖਾ ਦੱਸੀ ਗਈ। ਉਨ੍ਹਾਂ ਦੀਆਂ ਸਮੱਸਿਆਵਾਂ ਦਾ ਦਿਲ ਖੋਲ੍ਹ ਕੇ ਵਰਨਣ ਕੀਤਾ ਗਿਆ। ਵਿਸ਼ੇਸ਼ ਅਪਾਹਜਾਂ ਨੂੰ ਨਕਲੀ ਅੰਗ ਅਤੇ ਤਿੰਨ ਪਹੀਆ ਸਾਇਕਲਾਂ ਦੇਕੇ ਨਿਵਾਜਣ ਦੇ ਨਾਲ ਹੀ ਸਮਾਗਮ ਖਤਮ ਹੋ ਗਿਆ ਸੀ।

ਅਪਾਹਜਾਂ ਲਈ ਹੁਣ ਵਾਪਸ ਆਪਣੇ ਘਰ ਪੁੱਜਣਾ ਅਹਿਮ ਸਮੱਸਿਆ ਸੀ।

# ਭੜਾਸ

ਜਸਵਿੰਦਰ ਸਿੰਘ ਸਕੂਟਰ ਉੱਤੇ ਆਪਣੇ ਸੋਹਰਿਆਂ ਤੋਂ ਪਿੰਡ ਨੂੰ ਜਾ ਰਿਹਾ ਸੀ। ਗੁੱਸੇ ਲਾਲ ਭਰੀ ਪੀਤੀ ਪਤਨੀ ਉਸ ਦੇ ਪਿੱਛੇ ਬੈਠੀ ਸੀ। ਉਸ ਦੀ ਵੱਢੀ ਰੂਹ ਵੀ ਸੌਹਰੀ ਜਾਣ ਨੂੰ ਨਹੀਂ ਕਰ ਰਹੀ ਸੀ। ਪਰ ਉਹ ਆਪਣੇ ਮਾਪਿਆਂ ਦੀ ਗਰੀਬੀ ਅਤੇ ਲੋਕਾਂ ਦੀਆਂ ਉਂਗਲਾਂ ਤੋਂ ਮਜ਼ਬੂਰ ਸੀ। ਉਸਦੇ ਪਤੀ ਦੀਆਂ ਪੱਗ ਵਿਚੋਂ ਬਾਹਰ ਨਿਕਲੀਆਂ ਚਿੱਟੀਆਂ ਜਟੂਰੀਆਂ, ਉਸ ਦੀ ਆਪਣੀ ਭਰਪੂਰ ਜਵਾਨੀ ਨੂੰ ਚੜਾ ਰਹੀਆਂ ਸਨ।

ਜੀ.ਟੀ. ਰੋਡ ਦੂਰ ਤੱਕ ਖਾਲੀ ਨਜ਼ਰ ਆ ਰਹੀ ਸਹੀ। ਪਰ ਫਿਰ ਵੀ ਪਤਾ ਨਹੀਂ ਕਿਵੇਂ ਉਨ੍ਹਾਂ ਦਾ ਸਕੂਟਰ ਕਿਸੇ ਟਰੱਕ ਨਾਲ ਜਾ ਟਕਰਾਇਆ ਸੀ। ਉਹ ਦੂਰ ਕੱਚੇ ਜਾ ਡਿੱਗੀ ਸੀ ਅਤੇ ਉਸ ਦਾ ਪਤੀ ਟਰੱਕ ਹੇਠ ਬੁਰੀ ਤਰ੍ਹਾਂ ਕੁਚਲਿਆ ਗਿਆ ਸੀ। ਆਪਣੇ ਪਤੀ ਦੇ ਮਰਨ ਦੀ ਤਸੱਲੀ ਕਰਕੇ, ਉਸ ਨੇ ਉੱਚੀ ਧਾਅ ਮਾਰੀ ਅਤੇ ਉਸ ਦੀ ਅੱਖ ਖੁੱਲ ਗਈ। ਉਸ ਦਾ ਪਤੀ ਨਾਲ ਦੇ ਮੰਜੇ ਉੱਤੇ ਪਿਆ ਬੇਫਿਕਰੀ ਦੇ ਘੁਰਾੜੇ ਮਾਰ ਰਿਹਾ ਸੀ।

'ਜਾ ਰੱਬਾ ਕਦੀ ਕਰਦੇ ਸੁਪਨਾ ਸੱਚ।' ਕੁੜੀ ਨੇ ਦਿਲ ਦੀ ਭੜਾਸ ਬਾਹਰ ਕੱਢੀ।

# ਰੋਂਦੀਆਂ-ਖੁਸ਼ੀਆਂ

ਸੇਠ ਦੌਲਤ ਰਾਮ ਭੰਡਾਰੀ ਨੂੰ ਮੁੰਡੇ ਦੀ ਲੋੜ ਸੀ, ਜੋ ਵੱਡਾ ਹੋਕੇ ਉਸ ਦੇ ਕਰੋੜਾਂ ਦੇ ਕਾਰੋਬਾਰ ਦਾ ਵਾਰਸ ਬਣ ਸਕੇ। ਉਸ ਦੇ ਦੋ ਕੁੜੀਆਂ ਪਹਿਲਾਂ ਹੀ ਹੋ ਚੁੱਕੀਆਂ ਸਨ ਅਤੇ ਦੋ ਵਾਰੀ ਟੈਸਟ ਕਰਵਾ ਕੇ ਸਫਾਈ ਕੀਤੀ ਜਾ ਚੁੱਕੀ ਸੀ। ਪਤਨੀ ਨੇ ਤੀਜੀ ਵਾਰ ਟੈਸਟ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਉਹ ਭਰੂਣ-ਹੱਤਿਆ ਦਾ ਹੋਰ ਭਾਰ ਆਪਣੇ ਸਿਰ ਨਹੀਂ ਲੈਣਾ ਚਾਹੁੰਦੀ ਸੀ। ਸੌਹਰਿਆਂ, ਪੇਕਿਆਂ ਅਤੇ ਰਿਸਤੇਦਾਰਾਂ ਦੇ ਦਬਾ ਹੇਠ ਉਸਨੇ ਅਣ ਚਾਹੇ ਮਨ ਨਾਲ ਸਹਿਮਤੀ ਦੇ ਦਿੱਤੀ ਸੀ। ਇਸ ਵਾਰ ਟੈਸਟ ਦਾ ਰਿਜਲਟ ਪਤੀ ਦੀ ਆਸ਼ਾ ਦੇ ਅਨਕੂਲ ਸੀ।

ਨਵੇਂ ਬੱਚੇ ਲਈ ਘਰ ਵਿੱਚ ਸਭ ਤਿਆਰੀਆਂ ਹੋ ਚੁੱਕੀਆਂ ਸਨ। ਉਂਗਲਾਂ ਉੱਤੇ ਦਿਨ ਗਿਣੇ ਜਾ ਰਹੇ ਸਨ। ਜੱਚਾਂ ਨੂੰ ਇੱਕ ਹਫਤਾ ਪਹਿਲਾਂ ਹੀ ਸ਼ਹਿਰ ਦੇ ਚੰਗੇ ਨਰਸਿੰਗ ਹੋਮ ਵਿੱਚ ਦਾਖਲ ਕਰਵਾ ਦਿੱਤਾ ਸੀ। ਸਾਰਾ ਪਰਿਵਾਰ ਖੁਸ਼ ਸੀ। ਸਭ ਕੁਝ ਠੀਕ ਠਾਕ ਚੱਲ ਰਿਹਾ ਸੀ।

ਅੱਧੀ ਰਾਤ ਪਿੱਛੋਂ ਪ੍ਰਸੂਤ-ਪੀੜਾਂ ਅਰੰਭ ਹੋ ਚੁੱਕੀਆਂ ਸਨ। ਭੰਡਾਰੀ ਸਾਹਿਬ ਅਤੇ ਬਹੁਤ ਸਾਰੇ ਰਿਸਤੇਦਾਰ ਵਰਾਂਡੇ ਵਿੱਚ ਬੈਠੇ ਖੁਸ਼ਖਬਰੀ ਸੁਨਣ ਲਈ ਉਤਾਵਲੇ ਹੋ ਰਹੇ ਸਨ। ਜੱਚ ਦੀਆਂ ਚੀਕਾਂ ਕਾਫੀ ਸਮੇਂ ਤੋਂ ਬੰਦ ਸਨ। ਆਖਰ ਸਜਾਏ ਬਚੇ ਦੇ ਰੋਣ ਦੀ ਆਵਾਜ ਆਉਂਦਿਆਂ ਹੀ ਸਾਰੇ ਪਰਿਵਾਰ ਦੇ ਚਿਹਰਿਆਂ ਉੱਤੇ ਖੁਸ਼ੀ ਪਰਤ ਆਈ ਸੀ। ਕੁਝ ਦੇਰ ਬਾਅਦ ਲੇਡੀ ਡਾਕਟਰ ਬਾਹਰ ਆਈ। ਅਫਸੋਸ ਭੰਡਾਰੀ ਸਾਹਿਬ ਅਸੀਂ ਬੱਚੇ ਨਾਲ ਜੱਚਾ ਨੂੰ ਨਹੀਂ ਬਚਾ ਸਕੇ।' ਮੂੰਹ ਲਟਕਾਈ ਉਹ ਅੱਗੇ ਲੰਘ ਗਈ।

ਭੰਡਾਰੀ ਸਾਹਿਬ ਹੰਝੂਆਂ ਵਿੱਚ ਹੱਸ ਰਹੇ ਸਨ।

# ਅਵੱਲਾ ਰੋਹ

ਚਾਂਦਨੀ ਨੂੰ ਜਦ ਤੋਂ ਏਡਜ਼ ਹੋਣ ਦਾ ਪਤਾ ਲੱਗਿਆ ਸੀ, ਉਸ ਨੇ ਆਪਣੇ ਹੋਠਾਂ ਨੂੰ ਸੀ ਕੇ, ਉਨ੍ਹਾਂ ਉੱਤੇ ਮੁਸ਼ਕਰਾਹਟ ਹੋਰ ਵੀ ਮਿੱਠੀ ਅਤੇ ਤਿੱਖੀ ਕਰ ਦਿੱਤੀ ਸੀ। ਉਸਨੇ ਹਰ ਗਾਹਕ ਨੂੰ ਫਸਾਉਣ ਲਈ ਆਪਣੇ ਪੇਸ਼ੇ ਦੀਆਂ ਸਾਰੀਆਂ ਆਦਾਵਾਂ ਦੀ ਵਰਤੋਂ ਕਰਨੀ ਆਰੰਭ ਕਰ ਦਿੱਤੀ ਸੀ।

ਚਾਂਦਨੀ ਕੋਠੇ ਵਾਲੀ ਸਲਮਾ ਮਾਸੀ ਦੀ ਜਰ ਖਰੀਦ ਜਾਇਦਾਦ ਸੀ। ਉਹ ਦਸ ਸਾਲ ਦੀ ਅੱਤ ਸੋਹਣੀ ਬੱਚੀ ਸੀ ਜਦ ਮਾਸੀ ਦੀ ਘੋਖਵੀਂ ਅੱਖ ਨੇ ਉਸ ਦੀ ਜਵਾਨੀ ਦੇ ਕਹਿਰੀ-ਜਲਵੇ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ। ਜਦ ਤੱਕ ਉਹ ਆਣ-ਵਿਧਿਆ ਮੋਤੀ ਸੀ ਤਾਂ ਚੁਬਾਰੇ ਦੀਆਂ ਸਾਰੀਆਂ ਮਿਹਰ ਬਾਨੀਆਂ ਉਸ ਉੱਤੇ ਨਿਛਾਵਰ ਹੁੰਦੀਆਂ ਸਨ। ਉਸ ਦੇ ਨੱਥ ਪੈਂਦਿਆਂ ਹੀ ਉਸਦੀ ਸੋਹਲ ਜਿੰਦ ਲਈ ਅਸਹਿ ਅਤੇ ਅਣ-ਕਿਆਸੀਆਂ ਮੁਸੀਬਤਾਂ ਅਰੰਭ ਹੋ ਗਈਆਂ ਸਲ। ਉਸ ਦੇ ਧੰਦੇ ਲਈ ਦਿਨ ਅਤੇ ਰਾਤ ਦਾ ਕੋਈ ਫਰਕ ਨਹੀਂ ਰਹਿ ਗਿਆ ਸੀ। ਉਸ ਦਾ ਤਨ ਨੋਚਿਆ ਜਾਂਦਾ, ਰੂਹ ਪੱਛੀ ਜਾਂਦੀ ਪਰ ਉਸਦੇ ਆਹ ਭਰਨ ਉੱਤੇ ਸਖਤ ਪਾਬੰਦੀ ਸੀ। ਉਸਦੇ ਅੰਦਰ, ਬਾਹਰ ਲੱਖ ਪੀੜਾਂ ਹੁੰਦਿਆਂ ਵੀ ਹਰ ਗਾਹਕ ਲਈ ਉਸਦੇ ਹੋਠਾਂ ਵਿੱਚੋਂ ਮੁਸ਼ਕਰਾਹਟ ਕਿਰਨੀ ਜਰੂਰੀ ਸੀ।

ਇਸ ਏਡਜ਼ ਦੇ ਨਵੇਂ ਮਿਲੇ ਹੱਥਿਆਰ ਦੀ ਉਹ ਪੂਰੀ ਵਰਤੋਂ ਕਰਨਾ ਚਾਹੁੰਦੀ ਸੀ। ਉਹ ਮਰਨ ਤੋਂ ਪਹਿਲਾਂ ਇਸ ਦਿੱਤੀ ਦਾਤ ਨੂੰ ਸਮਾਜ ਦੇ ਚੌਧਰੀਆਂ ਵਿੱਚ ਰੱਜਕੇ ਵੰਡ ਦੇਣਾ ਚਾਹੁੰਦੀ ਸੀ।

ਉਸ ਦੀ ਦਰੜੀ ਰੂਹ, ਪੱਛੇ ਤਨ ਅਤੇ ਜ਼ਖ਼ਮੀ ਸੋਚ ਵਿੱਚ ਬਦਲੇ ਲਈ ਅਵੱਲਾ-ਰੋਹ ਜਾਗ ਉੱਠਿਆ ਸੀ।

# ਨਵਾਂ ਪੱਥਰ

ਗੁਰੇ ਹਰੀਜਨ ਦੇ ਪਰਿਵਾਰ ਦੀਆਂ ਦਸ ਵੋਟਾਂ ਸਨ। ਜਦ ਪਾਰਟੀਆਂ ਵਾਲੇ ਉਸ ਦੇ ਬੂਹੇ ਅੱਗੇ ਖੜ੍ਹ ਕੇ, 'ਸਰਦਾਰ ਗੁਰਦਿੱਤ ਸਿੰਘ ਜੀ' ਕਹਿਕੇ ਆਵਾਜ ਮਾਰਦੇ ਤਾਂ ਉਹ ਮੁੱਛਾਂ ਵਿੱਚ ਹੀ ਮੁਸ਼ਕਰਾ ਕੇ, ਮੀਸਨਾ ਜਿਹਾ ਬਣ, ਹੱਥ ਜੋੜਕੇ ਉਨ੍ਹਾਂ ਦੇ ਅੱਗੇ ਜਾ ਖੜ੍ਹਦਾ ਸੀ।

ਵੋਟਾਂ ਮੰਗਣ ਆਈਆਂ ਸਾਰੀਆਂ ਪਾਰਟੀਆਂ ਨੂੰ ਉਸ ਦਾ ਇੱਕ ਹੀ ਉੱਤਰ ਹੁੰਦਾ ਸੀ। 'ਵੋਟਾਂ ਦਾ ਕੀ ਐ, ਜਿਵੇਂ ਕਹੋਂਗੇ ਕਰ ਲਵਾਂਗੇ, ਜਰਾ ਸਾਡੀ ਗਰੀਬੀ ਦਾ ਵੀ ਕੁਝ ਧਿਆਨ ਰੱਖ ਲੈਣਾ।' ਜਦ ਪਾਰਟੀਆਂ ਵਾਲੇ ਆਪਣੀ ਪਾਰਟੀ ਦਾ ਬਟਨ ਦੱਸਕੇ ਅੱਗੇ ਜਾਣ ਲੱਗਦੇ ਤਾ ਉਹ ਦੂਜਾ ਇਸ਼ਾਰਾ ਸੁਟਦਾ,'ਬਟਨ ਤਾਂ ਤੁਹਾਡਾ ਹੀ ਹੋਊ, ਪਰ ਸਾਡੀ ਉਂਗਲ ਪਹਿਲਾਂ ਆਪਣੀ ਬਣਾ ਲੈਣੀ।' ਲੀਡਰ ਜਾਂਦੇ ਹੋਏ ਹੱਥ ਚੁੱਕਕੇ ਤਸੱਲੀ ਦੇ ਜਾਂਦੇ ਸਨ।

ਗੁਰੇ ਨੇ ਸਾਰੀਆਂ ਉਂਗਲਾਂ ਤਾਂ ਇੱਕ ਇੱਕ ਕਰਕੇ ਪਾਰਟੀਆਂ ਨੂੰ ਪਹਿਲਾਂ ਹੀ ਵੇਚ ਦਿੱਤੀਆਂ ਸਨ। ਵੋਟਾਂ ਪਾਉਣ ਵਾਲੇ ਦਿਨ ਆਪਣੀ ਮਨ ਮਰਜੀ ਦਾ ਬਟਨ ਅੰਗੂਠੇ ਨਾਲ ਦੱਬਕੇ ਉਸ ਨੇ ਗੰਧਲੇ ਪਾਣੀ ਵਿੱਚ ਇਕ ਹੋਰ ਨਵਾਂ ਪੱਥਰ ਮਾਰ ਦਿੱਤਾ ਸੀ।

# ਆਖਰੀ ਹੌਂਕਾ

ਪ੍ਰਕਾਸ਼ ਕੌਰ ਦੀ ਬਿਮਾਰੀ ਕੁਝ ਸਮੇਂ ਵਿੱਚ ਹੀ ਵਧ ਗਈ ਸੀ। ਦੌਰਾ ਪੈਣ ਪਿੱਛੋਂ ਉਹ ਪਾਗਲਾਂ ਵਾਗ ਜਾ ਤਾਂ ਕੁਝ ਬੋਲਦੀ ਰਹਿੰਦੀ ਸੀ ਤੇ ਜਾਂ ਫਿਰ ਖੁੱਲੀਆਂ ਅੱਖਾਂ ਨਾਲ ਛੱਤ ਨੂੰ ਘੂਰਦੀ ਰਹਿੰਦੀ ਸੀ। ਡਾਕਟਰੀ ਇਲਾਜ ਦਾ ਕਿਤੋਂ ਵੀ ਕੋਈ ਅਸਰ ਨਹੀਂ ਹੋ ਰਿਹਾ ਸੀ।

ਡੇਰਾ ਵੱਡ ਭਾਗ ਸਿੰਘ ਦੇ ਕਈ ਚੱਕਰ ਲੱਗ ਚੁੱਕੇ ਸਨ। ਕਈ ਸਾਧਾਂ, ਸੰਤਾਂ ਅਤੇ ਸਿਆਣਿਆਂ ਨੂੰ ਵਖਾਇਆ ਜਾ ਚੁੱਕਾ ਸੀ ਪਰ ਕਿਤੋਂ ਵੀ ਕੋਈ ਫਰਕ ਨਹੀਂ ਪਿਆ ਸੀ।

ਉਹ ਸੋਹਣੀ ਅੰਤਾਂ ਦੀ ਸੀ ਪਰ ਪੜ੍ਹੀ ਘੱਟ ਸੀ। ਜਿੱਥੇ ਵੀ ਉਸ ਦੇ ਰਿਸਤੇ ਦੀ ਗੱਲ ਚੱਲਦੀ, ਕਿਤੇ ਮਾਪਿਆਂ ਦੀ ਗਰੀਬੀ ਅੜ ਜਾਂਦੀ, ਕਿਤੇ ਅਣਪੜ੍ਹਤਾ ਰੋੜਾ ਅਟਕਾ ਦਿੰਦੀ ਅਤੇ ਕਿਤੇ ਉਸ ਦੇ ਭਰਾ ਦਾ ਨਾ ਹੋਣਾ ਗੱਲ ਖਤਮ ਕਰ ਦਿੰਦਾ ਸੀ। ਇਸ ਭੱਜ ਨੱਠ ਵਿੱਚ ਉਸ ਦੇ ਵਿਆਹੁਣ ਦੀ ਉਮਰ ਲੰਘ ਗਈ ਸੀ।

''ਕੁੱਝ ਨਹੀਂ ਹੋਣਾ..........।'' ਉਹ ਆਮ ਕਿਹਾ ਕਰਦੀ ਸੀ। ਇੱਕ ਮਿੰਟ ਰੁਕ ਕੇ ਫਿਰ ਬੋਲਦੀ, ''ਕੁੱਝ ਕਰੋ....।' ਫਿਰ ਉਹ ਘੰਟਿਆ ਵੱਦੀ ਚੁੱਪ ਹੋ ਜਾਂਦੀ ਸੀ।

ਅੱਜ ਉਹ ਠੀਕ ਜਾਪ ਰਹੀ ਸੀ। ਉਸ ਦੇ ਚਿਹਰੇ ਉੱਤੇ ਕੁਝ ਰੌਣਕ ਨਜ਼ਰ ਆ ਰਹੀ ਸੀ ਅਤੇ ਇੱਕ ਦੋ ਵਾਰ ਉਹ ਮੁਸ਼ਕਰਾਈ ਵੀ ਸੀ।

''ਮਾਂ ਮੈਂ ਗਈ........ਕੁਝ ਕਰੋ....।'' ਹਨੇਰੇ ਵਿੱਚ ਤੜਫੀ ਪ੍ਰਕਾਸ਼ ਨੇ ਆਖਰੀ ਹੌਂਕਾ ਲਿਆ।

# ਨਿਰਦੋਸ਼

ਨਵਪ੍ਰੀਤ ਦੇ ਸਕੂਟਰ ਦੀ ਟਰੱਕ ਨਾਲ ਟੱਕਰ ਹੋ ਗਈ ਸੀ। ਕਿਸੇ ਕਾਰ ਵਾਲੇ ਨੇ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾ ਦਿੱਤਾ ਸੀ। ਸਮੇਂ ਸਿਰ ਪਹੁੰਚ ਜਾਣ ਕਰਕੇ ਉਹ ਬਚ ਤਾਂ ਗਿਆ ਸੀ ਪਰ ਉਸਦੀਆਂ ਦੋਵੇਂ ਲੱਤਾਂ ਬੁਰੀ ਤਰ੍ਹਾਂ ਫਿਸ ਜਾਣ ਕਰਕੇ ਕੱਟਣੀਆਂ ਪਈਆਂ ਸਨ।

ਉਸ ਦੀ ਨੌਜਵਾਨ ਅਤੇ ਖੂਬਸੂਰਤ ਪਤਨੀ ਆਪਣੇ ਅਪਾਹਜ ਪਤੀ ਨੂੰ ਵੇਖ ਕੇ ਅਸਹਿ ਪੀੜ ਨਾਲ ਤੜਫ ਉੱਠੀ ਸੀ। ਉਹ ਸੇਵਾ ਕਰਦੀ ਸੋਚਾਂ ਵਿੱਚ ਉਲਝ ਜਾਂਦੀ ਸੀ ਅਤੇ ਦਲੀਏ ਦਾ ਭਰਿਆ ਚਮਚਾ ਉਸ ਦੇ ਹੱਥ ਵਿੱਚ ਹੀ ਰੁਕ ਜਾਂਦਾ ਸੀ।

ਪਤੀ ਪ੍ਰਾਈਵੇਟ ਕਮਰੇ ਵਿੱਚ ਰਾਜੀ ਹੋ ਰਿਹਾ ਸੀ। ਉਹ ਇਕੱਲ ਵਿੱਚ ਸੋਚਦਾ ਕਿ ਆਪਣੀ ਅਪਾਹਜਤਾ ਨਾਲ ਕਿਸੇ ਦੀ ਜਿੰਦਗੀ ਨੂੰ ਨਰਕ ਬਣਾਉਣ ਨਾਲੋਂ ਕਿਤੇ ਚੰਗਾ ਏ ਆਪਾ ਵਾਰਿਆ ਜਾਵੇ।

'ਲਓ ਜੀ ਨਵੀਂ ਗੋਲੀ ਲੈ ਲਵੋ, ਨਰਸ ਬਾਹਰ ਹੀ ਫੜਾ ਕੇ ਕਿਸੇ ਦੂਜੇ ਮਰੀਜ ਵੱਲ ਚਲੀ ਗਈ ਏ।' ਪਤਨੀ ਨੇ ਗੋਲੀ ਦਿੰਦਿਆਂ ਦੱਸ ਦਿੱਤਾ ਸੀ ਕਿ ਇਹ ਕੁਝ ਬੇਚੈਨੀ ਜਿਹੀ ਕਰੇਗੀ ਅਤੇ ਫਿਰ ਸਭ ਕੁਝ ਸ਼ਾਂਤ ਹੋ ਜਾਵੇਗਾ।

ਪਤਨੀ ਨੇ ਕੁਝ ਦੇਰ ਬਾਹਰ ਉਡੀਕ ਕੀਤੀ ਤਾਂ ਜੋ ਗੋਲੀ ਦਾ ਅਸਰ ਹੋ ਜਾਵੇ । ਜਦ ਉਹ ਕਮਰੇ ਵਿੱਚ ਗਈ ਤਾਂ ਉਸ ਦਾ ਪਤੀ ਤੜਫ ਰਿਹਾ ਸੀ ਅਤੇ ਉਸ ਦੇ ਮੂੰਹ ਵਿੱਚੋਂ ਝੱਗ ਵਹਿ ਰਹੀ ਸੀ। ਉਸ ਨੇ ਉੱਚੀ ਚੀਕ ਮਾਰੀ।

ਨਰਸ ਨੂੰ ਸੈਲਫਾਸ ਦੀ ਗੋਲੀ ਦੇਣ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ ਸੀ।

# ਪੱਲਾ ਝਾੜ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪੈ ਜਾਣ ਪਿੱਛੋਂ, ਮਨਮੋਹਕ ਕੀਰਤਨ ਹੋ ਰਿਹਾ ਸੀ। ਸਾਰੀ ਸੰਗਤ ਅਨੰਦ ਵਿੱਚ ਝੂਮ ਰਹੀ ਸੀ। ਘਰ ਵਾਲਾ ਪ੍ਰੇਮੀ ਉਸ ਦਾਤੇ ਦਾ ਲੱਖ ਲੱਖ ਸ਼ੁਕਰ ਕਰ ਰਿਹਾ ਸੀ, ਜਿਸ ਨੇ ਪੁੱਤਰ ਦੀ ਦਾਤ ਬਖਸ਼ ਕੇ ਅੱਜ ਸੰਗਤ ਦੇ ਜੋੜੇ ਝਾੜਣ ਦਾ ਮੌਕਾ ਦਿੱਤਾ ਸੀ।

ਰਸ ਭਿੰਨਾ ਕੀਰਤਨ ਚਲ ਰਿਹਾ ਸੀ। ਸ਼ਬਦ ਦੀ ਧਾਰਨਾ ਪੜ੍ਹਕੇ ਰਾਗੀ ਸਿੰਘ ਦਸ ਰਿਹਾ ਸੀ ਕਿ ਅੰਮ੍ਰਿਤਦਾਤ ਛਕਕੇ ਸਭ ਦੁੱਖਾਂ, ਕਲੇਸ਼ਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਗੁਰੂ ਵਾਲੇ ਹੋਕੇ ਸਭ ਦਾਤਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਕਾਮ, ਕਰੋਧ, ਲੋਭ, ਮੋਹ, ਹੰਕਾਰ ਜਿਹੇ ਵੈਰੀਆਂ ਨੂੰ ਮੁੱਠੀ ਵਿੱਚ ਬੰਦ ਕੀਤਾ ਜਾ ਸਕਦਾ ਹੈ।

ਕੀਰਤਨ ਸਮਾਪਤ ਕਰਦਿਆਂ ਹੀ ਰਾਗੀਆਂ ਨੇ ਨੋਟਾਂ ਸਮੇਤ ਬਾਜੇ ਬੰਨ ਲਏ ਸਨ। ਅਰਦਾਸ ਅਰੰਭ ਹੋਣ ਤੋਂ ਪਹਿਲਾਂ ਹੀ ਗੁਰੂ ਦੇ ਲੜ ਲਾਉਣ ਵਾਲੇ ਗੁਰੂ ਤੋਂ ਪੱਲਾ ਝਾੜਕੇ ਕਾਰ ਵਿੱਚ ਜਾ ਬੈਠੇ ਸਨ।

# ਸ਼ਰਧਾ

ਗੁਰਮੁੱਖ ਸਿੰਘ ਪੱਗ ਬੰਨ੍ਹਕੇ ਕੱਪੜੇ ਪਾ ਰਿਹਾ ਸੀ। ਉਹ ਅੱਜ ਜਾਣ ਲਈ ਕੁੱਝ ਕਾਹਲ ਵਿੱਚ ਸੀ। ਉਹ ਦਫਤਰ ਵਿੱਚ ਕੁਝ ਸਮਾਂ ਪਹਿਲਾਂ ਪਹੁੰਚ ਕੇ ਸਭ ਕੁਝ ਠੀਕ ਠਾਕ ਕਰਨਾ ਚਾਹੁੰਦਾ ਸੀ ਤਾਂ ਜੋ ਚੰਡੀਗੜ੍ਹ ਤੋਂ ਆਉਣ ਵਾਲੇ ਅਫਸਰ ਉੱਤੇ ਚੰਗਾ ਪ੍ਰਭਾਵ ਪੈ ਸਕੇ।

ਆਉਣ ਵਾਲਾ ਅਫਸਰ ਉਸ ਦੇ ਸਦਾ ਕੰਮ ਆਉਂਦਾ ਰਹਿੰਦਾ ਸੀ। ਉਸ ਦੇ ਕਈ ਨਜਾਇਜ ਕੰਮਾਂ ਨੂੰ ਵੀ ਸਹਿਜੇ ਹੀ ਕਰਵਾ ਦਿੰਦਾ ਸੀ। ਮੁੱਖ ਦਫਤਰ ਦੀ ਹਰ ਪੁੱਠੀ ਸਿੱਧੀ ਸੂਚਨਾ ਉਸ ਨੂੰ ਸਮੇਂ ਸਿਰ ਮਿਲਦੀ ਰਹਿੰਦੀ ਸੀ।

ਕੀ ਹੋਇਆ ਜੇ ਅਫਸਰ ਕੁਝ ਲਾਲਚੀ ਸੀ ਅਤੇ ਖਾਣ ਪੀਣ ਨਾਲ ਹੋਰ ਵੀ ਕਈ ਗੁੱਝੀਆਂ ਚੀਜਾਂ ਦਾ ਸ਼ੌਕ ਰੱਖਦਾ ਸੀ। ਪਰ ਸਰੂਪ ਵਲੋਂ ਤਾਂ ਉਹ ਪੂਰਨ ਸਿੱਖ ਸੀ।

ਗੁਰ-ਸਿੱਖ ਵਿੱਚ ਉਸਦੀ ਸ਼ਰਧਾ ਅਡੋਲ ਸੀ।

ISHAR05

# ਪਾਲਤੂ ਕੁੱਤੇ

ਵੱਡੇ ਸਰਦਾਰ ਜੋਰਾਵਰ ਸਿੰਘ ਦੇ ਘਰ ਕੁੜੀਆਂ ਦੀ ਭਰਮਾਰ ਸੀ। ਉੱਚੀਆਂ ਕੰਧਾਂ ਵਾਲੀ ਹਵੇਲੀ ਉਨ੍ਹਾਂ ਦੀ ਦੁਨੀਆ ਸੀ। ਆਸੇ ਪਾਸੇ ਸਖਤ ਪਹਿਰਾ ਸੀ ਅਤੇ ਬਾਹਰਲੀ ਹਵਾ ਉਨ੍ਹਾਂ ਲਈ ਵਰਜਤ ਫਲ ਸੀ।

ਆਪਣੇ ਪਿਤਾ ਦੀ ਰੀਸ ਕਰਦਿਆਂ ਕੁੜੀਆਂ ਨੇ ਆਪਣੀ ਪਸੰਦ ਦੇ ਕੁੱਤੇ ਪਾਲੇ ਹੋਏ ਸਨ। ਕੁੱਤਿਆਂ ਦੀਆਂ ਨਸਲਾਂ ਅਤੇ ਉਨ੍ਹਾਂ ਦੇ ਕੱਦ, ਕੁੜੀਆਂ ਦੀਆਂ ਉਮਰਾਂ ਅਨੁਸਾਰ ਹੋਇਆ ਕਰਦੇ ਸਨ। ਛੋਟੀਆਂ ਬੇਬੀਆਂ ਚਿੱਟੇ ਪੱਪੀ ਹੀ ਰੱਖਦੀਆਂ ਸਨ। ਉਹ ਆਮ ਕੁੱਤਿਆਂ ਨਾਲ ਖੇਡਦੀਆਂ, ਕਦੇ ਪਿਆਰ ਕਰਦੀਆਂ ਅਤੇ ਕਦੇ ਸਖਤ ਗਲਤੀ ਦੀ ਸਜਾ ਸੰਗਲੀ ਵਿੱਚ ਹੀ ਬਦਲ ਦਿੰਦੀਆਂ ਸਨ। ਉਨ੍ਹਾਂ ਦੀਆਂ ਗੱਲਾਂ ਸਦਾ ਕੁੱਤਿਆਂ ਦੀਆਂ ਆਦਤਾਂ ਦੀ ਵਿਆਖਿਆ ਹੀ ਹੁੰਦੀ।

'ਮੁੰਡਿਆਂ ਨੂੰ ਕੁੜੀਆਂ ਕੁੱਤਿਆਂ ਵਾਂਗ ਹੀ ਤਾਂ ਪਾਲਦੀਆਂ ਹਨ।' ਪਹਿਲੀ ਕੁੜੀ ਬੋਲੀ।

'ਕਈ ਕੁੱਤੇ ਵੀ ਮੁੰਡਿਆਂ ਵਾਲੇਨਖਰੇ ਕਰਨ ਲੱਗ ਜਾਂਦੇ ਹਨ।' ਦੂਜੀ ਦਾ ਵਿਚਾਰ ਸੀ।

'ਆਪਣੇ ਘਰ ਕੁੱਤੇ ਅਤੇ ਮੁੰਡੇ ਦਾ ਫਰਕ ਹੀ ਕਿਹੜਾ ਰਹਿ ਗਿਆ ਏ' ਤੀਜੀ ਨੇ ਆਪਣੇ ਦੁਖੀ ਦਿਲ ਦੀ ਭੜਾਸ ਕੱਢੀ।

'ਮੁੰਡਾ ਤਾਂ ਮੁੰਡਾ ਹੀ ਹੁੰਦਾ ਏ। ਉਹ ਵੱਢਦਾ ਨਹੀਂ ਅਤੇ ਨਾ ਹੀ ਭੌਂਕਦਾ ਏ।

ਉਸ ਨੂੰ ਮਨੁੱਖੀ ਪਿਆਰ ਦਾ ਵੱਲ ਵੀ ਹੁੰਦਾ ਏ।' ਚੌਥੀ ਦਾ ਤਜਰਬਾ ਬੋਲਿਆ।

ਸਾਰੀ ਹਵੇਲੀ ਵਿੱਚ ਚੁੱਪ ਚਾਂਦ ਹੋ ਗਈ। ਵੱਡਾ ਸਰਦਾਰ ਆਪਣੇ ਸਧਾਰਨ ਮੁੰਡਿਆਂ ਅਤੇ ਦਰਸ਼ਨੀ ਕੁੱਤਿਆਂ ਨਾਲ ਸ਼ਿਕਾਰ ਤੋਂ ਵਾਪਸ ਆ ਗਿਆ ਸੀ। ਲਹੂ ਲੁਹਾਣ ਹਰਨੀਆਂ ਦੇ ਸ਼ਿਕਾਰ ਨੂੰ ਅੰਦਰ ਭੇਜਕੇ ਪਾਲਤੂ ਕੁੱਤਿਆਂ ਨੂੰ ਸੰਗਲੀਆਂ ਪਾਈਆਂ ਜਾ ਰਹੀਆਂ ਸਨ।

# ਸੱਚਾ ਸੌਦਾ

ਰਾਗੀ ਸ਼ਾਂਤ ਸਿੰਘ ਬੜੇ ਬੇਚੈਨ ਸਨ। ਦੁਪਹਿਰ ਵੇਲੇ ਜਦ ਉਹ ਘਰ ਆਰਾਮ ਕਰ ਰਹੇ ਸਨ ਤਾਂ ਕਿਸੇ ਨੇ ਉਨ੍ਹਾਂ ਦੀ ਕਿੱਲੀ ਨਾਲ ਟੰਗੀ ਕਮੀਜ਼ ਵਿੱਚੋਂ ਸੌ ਰੁਪਏ ਦਾ ਨੋਟ ਕੱਢ ਲਿਆ ਸੀ। ਸਾਰੇ ਪਰਿਵਾਰ ਤੋਂ ਪੁੱਛਿਆ ਗਿਆ ਪਰ ਨੋਟ ਦਾ ਕੁਝ ਪਤਾ ਨਹੀਂ ਲੱਗ ਰਿਹਾ ਸੀ।

ਘਰ ਵਿੱਚ ਜਦ ਨੋਟ ਬਾਰੇ ਰੌਲਾ ਪਿਆ ਹੋਇਆ ਸੀ ਤਾਂ ਰਾਗੀ ਦਾ ਦਸ ਸਾਲ ਦਾ ਲੜਕਾ ਘਰ ਵਿਚ ਦਾਖਲ ਹੋਇਆ। ਉਹ ਕੀਰਤਨ ਹੁੰਦੇ ਸਮੇਂ ਟੱਲੀਆਂ ਵਜਾਇਆ ਕਰਦਾ ਸੀ ਅਤੇ ਕੀਰਤਨ ਦੀਆਂ ਸਾਖੀਆਂ ਨੂੰ ਬੜੇ ਧਿਆਨ ਨਾਲ ਸੁਣਿਆ ਕਰਦਾ ਸੀ। ਪਿਤਾ ਨੇ ਨੋਟ ਬਾਰੇ ਲੜਕੇ ਤੋਂ ਵੀ ਪੁੱਛਿਆ।

''ਹਾਂ ਪਿਤਾ ਜੀ ਉਹ ਨੋਟ ਮੈਂ ਹੀ ਲੈ ਕੇ ਗਿਆ ਸੀ। ਆਪਜੀ ਵੀ ਬੜੇ ਖੁਸ਼ ਹੋਵੋਗੇ ਕਿ ਮੈਂ ਅੱਜ ਬਹੁਤ ਹੀ ਵੱਡਾ ਪਰ-ਉਪਕਾਰ ਦਾ ਕੰਮ ਕਰਕੇ ਆਇਆ ਹਾਂ। ਉਨ੍ਹਾਂ ਸਾਰੇ ਰੁਪਿਆਂ ਨਾਲ ਮੈਂ ਬਹੁਤ ਸਾਰੇ ਕੋਹੜੀਆਂ ਨੂੰ ਭੋਜਨ ਛਕਾ ਦਿੱਤਾ ਏ ਤੇ .......।''

ਉਸ ਦੇ ਮੂੰਹ ਉੱਤੇ ਇੱਕ ਜੋਰ ਦੀ ਥੱਪੜ ਵੱਜਿਆ, ''ਇਹ ਤੂੰ ਕੀ ਮੂਰਖਤਾ ਕੀਤੀ ਏ, ਚੋਰ ਕਿਤੋਂ ਦਾ।''

''ਪਰ ਪਿਤਾ ਜੀ ਮੈਂ ਤਾਂ ਸੱਚਾ-ਸੌਦਾ ਕੀਤਾ ਏ।''

# ਪਰਾਈਆਂ ਪੀੜਾਂ

ਸ਼ਹਿਰ ਵਿੱਚ ਸਕੂਟਰ ਉਤੇ ਜਾ ਰਹੀ ਅੱਧਖੜ੍ਹ ਜਿਹੀ ਜੋੜੀ ਦੀ ਟਰੱਕ ਨਾਲ ਸਿੱਧੀ ਟੱਕਰ ਹੋ ਗਈ ਸੀ। ਲੋਕਾਂ ਨੇ ਦੋਵਾਂ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਪਹੁੰਚਾ ਦਿੱਤਾ ਸੀ। ਪਤੀ ਦੇ ਵਧੇਰੇ ਸੱਟਾਂ ਸਨ ਪਰ ਉਹ ਹੋਸ਼ ਵਿੱਚ ਸੀ। ਪਤਨੀ ਘੱਟ ਸੱਟਾਂ ਨਾਲ ਵੀ ਬੇਹੋਸ਼ ਸੀ।

ਡਾਕਟਰਾਂ ਨੇ ਮੁਢਲੀ ਸਹਾਇਤਾ ਦੇਕੇ ਦੋਵਾਂ ਦੇ ਪਟੀਆਂ ਕਰਕੇ ਇਲਾਜ ਆਰੰਭ ਕਰ ਦਿੱਤਾ ਸੀ। ਰਿਸਤੇਦਾਰ ਅਤੇ ਜਾਣ ਪਹਿਚਾਣ ਵਾਲੇ ਹਸਪਤਾਲ ਵਿੱਚ ਇਕੱਠੇ ਹੋ ਰਹੇ ਸਨ।

'ਮੇਰੀ ਘਰ ਵਾਲੀ ਦਾ ਕੀ ਹਾਲ ਏ?' ਪਤੀ ਨੂੰ ਆਪਣੇ ਨਾਲੋਂ ਪਤਨੀ ਦਾ ਵਧੇਰੇ ਫਿਕਰ ਸੀ।

'ਉਹ ਠੀਕ ਏ, ਤੁਸੀਂ ਚੁੱਪ ਰਹੋ।' ਨਰਸ ਨੇ ਨਸੀਹਤ ਕੀਤੀ।

'ਮੈਨੂੰ ਕੁਝ ਨੀ ਹੁੰਦਾ ਤੁਸੀਂ ਉਸ ਦਾ ਫਿਕਰ ਕਰੋ।' ਪਤੀ ਦਾ ਪਤਨੀ ਵੱਲ ਹੀ ਧਿਆਨ ਸੀ।

'ਉਸ ਨੂੰ ਹੋਸ਼ ਆ ਗਈ ਏ, ਉਹ ਠੀਕ ਏ।' ਦੂਜੀ ਨਰਸ ਨੇ ਆਉਂਦਿਆਂ ਹੀ ਤਸੱਲੀ ਕਰਾ ਦਿੱਤੀ ਸੀ।

'ਉਸ ਨੂੰ ਦੱਸ ਦਿਓ, ਮੈਂ ਠੀਕ ਹਾਂ, ਮੇਰਾ ਫਿਕਰ ਨਾ ਕਰੇ।'

ਪਤੀ ਨੇ ਦਰਦ ਵਿੱਚ ਚੀਸ ਵੱਟਕੇ ਅੱਖਾਂ ਮੀਟ ਲਈਆਂ।

ਪਤੀ ਨੇ ਅੱਖਾਂ ਖੋਲਕੇ ਆਸੇ ਪਾਸੇ ਵੇਖਿਆ, ਜਿਵੇਂ ਕਿਸੇ ਨੂੰ ਲੱਭ ਰਿਹਾ ਹੋਵੇ।

'ਚੰਗਾ ਫਿਰ ਬੱਚਿਆਂ ਦੀ ਪੜ੍ਹਾਈ ਜਾਰੀ ਰੱਖੀਂ, ਤੇ ਨਾਲੇ ਜਮੀਨ ਠੇਕੇ ਚੜ੍ਹਾ ਦਿਓ।' ਉਹ ਪਰਾਈਆਂ ਪੀੜਾਂ ਵਿੱਚ ਪੀੜ ਮੁਕਤ ਹੋ ਗਿਆ।

# ਭੀਲਣੀ ਦੀ ਯਾਦ

ਸੀਤਾ ਰਾਣੀ ਨੂੰ ਉਸਦੇ ਸੋਹਰਿਆਂ ਨੇ ਦੂਸ਼ਨ ਲਾਕੇ ਘਰੋਂ ਕੱਢ ਦਿੱਤਾ ਸੀ। ਘਰੋਂ ਨਿਕਲਕੇ ਵੀ ਉਸ ਲਈ ਬੜੇ ਸਹਾਰੇ ਸਨ। ਮਾਪਿਆਂ ਦਾ ਚੰਗਾ ਘਰ ਸੀ। ਸਰਦੇ ਪੁਜਦੇ ਭਾਈ ਸਨ ਜਿਨਾਂ ਦੀਆਂ ਕਲਾਈਆਂ ਉਤੇ ਉਹ ਰਕਸ਼ਾ-ਬੰਧਨ ਬੰਨਿਆਂ ਕਰਦੀ ਸੀ। ਪਰ ਉਸ ਨੇ ਆਪਣਾ ਸਹਾਰਾ ਆਪ ਬਣਨ ਦਾ ਫੈਸਲਾ ਕਰ ਲਿਆ ਸੀ। ਉਹ ਚੰਗੀ ਵਿੱਦਿਆ ਪ੍ਰਾਪਤ ਕਰਕੇ ਸਕੂਲ ਵਿੱਚ ਸਾਇੰਸ ਮਿਸਟਰੈਸ ਲੱਗੀ ਹੋਈ ਸੀ।

ਉਹ ਕਰਾਏ ਦਾ ਕਮਰਾ ਲੈ ਕੇ ਉਸੇ ਪਿੰਡ ਵਿੱਚ ਰਹਿਣ ਲੱਗ ਗਈ ਸੀ ਜਿੱਥੇ ਉਹ ਪੜ੍ਹਾਉਂਦੀ ਸੀ। ਉਸ ਨੇ ਪਿੰਡ ਦੀ ਇੱਕ ਵਿਧਵਾ ਜਨਾਨੀ ਨੂੰ ਘਰ ਦੇ ਕੰਮਾਂ ਲਈ ਅਤੇ ਆਪਣੇ ਦਿਲ ਪਰਚਾਵੇ ਲਈ ਨੌਕਰੀ ਉੱਤੇ ਰੱਖ ਲਿਆ ਸੀ। ਘਰ ਦੇ ਖਲਜਗਣ ਵਿੱਚੋਂ ਨਿੱਕਲ ਕੇ, ਉਹ ਸ਼ਾਂਤ ਅਤੇ ਸਹਿਯੋਗ ਦੇ ਵਾਤਾਵਰਣ ਵਿੱਚ ਪੁੱਜ ਗਈ ਸੀ। ਉਹ ਗਰੀਬ ਬੱਚਿਆਂ ਦੀ ਪੜ੍ਹਾਈ ਦੇ ਨਾਲ ਆਰਥਕ ਮਦਦ ਵੀ ਕਰਨ ਲੱਗ ਗਈ ਸੀ। ਉਸਦੇ ਸੁਭਾ ਵਿੱਚ ਪਿਆਰ, ਮਿਠਾਸ ਅਤੇ ਹਲੀਮੀ ਵਰਗੇ ਮਹਾਨ ਗੁਣ ਸਥਾਪਤ ਹੋ ਗਏ ਸਨ ਅਤੇ ਮੁਸ਼ਕਰਾਹਟ ਉਸ ਦਾ ਸਦੀਵੀ ਗਹਿਣਾ ਬਣ ਗਈ ਸੀ।

ਸਕੂਲ ਦਾ ਸਾਰਾ ਸਟਾਫ ਉਸਦੀ ਕਦਰ ਕਰਦਾ ਸੀ ਅਤੇ ਪਿੰਡ ਦੀਆਂ ਦੁਖੀ ਜਨਾਨੀਆਂ ਦਾ ਤਾਂ ਉਹ ਜੀਵਨ ਸਹਾਰਾ ਹੀ ਬਣ ਗਈ ਸੀ। ਉਸ ਨੂੰ ਹੁਣ ਕੰਮਾਂ ਵਿੱਚ ਵਿਹਲ ਬਾਰੇ ਸੋਚਣ ਦੀ ਵੀ ਵਿਹਲ ਨਹੀਂ ਸੀ।

ਉਹ ਸਕੂਲ ਜਾਣ ਲਈ ਕਾਹਲੀ ਕਾਹਲੀ ਤਿਆਰ ਹੋ ਰਹੀ ਸੀ। ਉਸ ਦੀ ਮਾਈ ਆਪਣੇ ਪੇਕੇ ਗਈ ਹੋਣ ਕਰਕੇ ਅੱਜ ਰੋਟੀ ਵੀ ਉਸ ਨੂੰ ਆਪ ਹੀ ਬਣਾਉਣੀ ਪਈ ਸੀ।

ਉਸ ਦੇ ਬੂਹੇ ਉੱਤੇ ਦਸਤਕ ਹੋਈ। ਜਦ ਉਸ ਨੇ ਬੂਹਾ ਖੋਲਿਆ ਤਾਂ ਸਿਰ ਝੁਕਾਈ ਉਸ ਦਾ ਪਤੀ ਖੜ੍ਹਾ ਸੀ।

'ਮੈਂ ਅਗਣ ਪ੍ਰਿਖਿਆ ਦੇਣ, ਆਇਆ ਹਾਂ।'

'ਜੀ ਆਇਆਂ ਨੂੰ ਮੇਰੇ ਰਾਮ,' ਭੀਲਣੀ ਦੀ ਯਾਦ ਤਾਂ ਆਈ।'

ਉਸਨੇ ਮੁਸ਼ਕਰਾਕੇ ਪਤੀ ਦਾ ਸਵਾਗਤ ਕੀਤਾ।

# ਤਿੜਕੀ ਚੁੱਪ

ਡਬਲ ਬੈੱਡ ਉਤੇ ਗੁਮਸੁਮ ਪਈ ਸਲੋਚਨਾ ਦੀਆਂ ਅੱਖਾਂ ਭਰ ਆਈਆਂ। ਦਿਲ ਵਿੱਚੋਂ ਉਠਦੀ ਪੀੜ ਨੂੰ ਉਸ ਨੇ ਅੰਦਰ ਹੀ ਦਬਾ ਲਿਆ ਸੀ। ਉਹ ਆਪਣੀ ਸੁਹਾਗ ਰਾਤ ਵਾਲੇ ਕਮਰੇ ਵਿੱਚ ਉਦਾਸ ਅਤੇ ਇਕੱਲੀ ਪਈ ਸੀ। ਆਪਣੀ ਵਿਆਹੁਤਾ ਜਿੰਦਗੀ ਦਾ ਪਹਿਲਾ ਮਹੀਨਾ ਇਸੇ ਕਮਰੇ ਵਿੱਚ ਚਾਵਾਂ ਅਤੇ ਮਲਾਰਾਂ ਦਾ ਗੁਜਾਰਿਆ ਸੀ। ਉਸਦਾ ਪਤੀ ਉਸ ਨੂੰ ਛੇਤੀ ਹੀ ਸੱਦ ਲੈਣ ਦਾ ਵਾਅਦਾ ਕਰਕੇ ਕਨੇਡਾ ਚਲਿਆ ਗਿਆ ਸੀ। ਦੋ ਸਾਲ ਤੋਂ ਉਹ ਉਸ ਦੇ ਟੈਲੀਫੋਨ ਜਾ ਸੁੱਖ ਸੁਨੇਹੇ ਨੂੰ ਉਡੀਕ ਰਹੀ ਸੀ।

ਇੱਕ ਗਵਾਂਢੀ ਪਿੰਡ ਦਾ ਨੌਜਵਾਨ ਜੋ ਲਾਹੌਰ ਦੀ ਜੇਲ੍ਹ ਵਿਚੋਂ ਹੁਣੇ ਹੀ ਛੁੱਟ ਕੇ ਆਇਆ ਸੀ ਨੇ ਦੱਸਿਆ ਸੀ ਕਿ ਉਸ ਦਾ ਪਤੀ ਗੁਰਜੰਟ ਸਿੰਘ ਤੁਰਕੀ ਦੀ ਸਰਹੱਦ ਪਾਰ ਕਰਦਾ ਫੜਿਆ ਗਿਆ ਸੀ। ਉਹ ਕੁੱਟਾਂ ਖਾਂਦਾ, ਤਸੀਹੇ ਝੱਲਦਾ ਤੁਰਕੀ ਜੇਲ੍ਹ ਵਿੱਚੋਂ ਪਾਕਿਸਤਾਨ ਭੇਜ ਦਿੱਤਾ ਗਿਆ ਸੀ। ਦੋ ਸਾਲ ਤੋਂ ਉਹ ਲਾਹੌਰ ਦੀ ਜੇਲ੍ਹ ਵਿੱਚ ਸੜ ਰਿਹਾ ਸੀ। ਉਹ ਆਪਣੀ ਸੱਜ ਵਿਆਹੀ ਵਹੁਟੀ ਦੀ ਫੋਟੋ ਵੇਖਕੇ ਦਿਨੇ ਰਾਤ ਰੋਂਦਾ ਰਹਿੰਦਾ ਸੀ। ਪਰਿਵਾਰ ਦੇ ਵਿਛੋੜੇ ਨੇ ਅਤੇ ਜੇਲਰਾਂ ਦੇ ਅੱਤਿਆਚਾਰ ਨੇ ਉਸ ਨੂੰ ਅੱਧਾ ਪਾਗਲ ਕਰ ਦਿੱਤਾ ਸੀ।

ਸਲੋਚਨਾ ਨੇ ਹੰਝੂਆਂ ਨਾਲ ਭਰੀਆਂ ਅੱਖਾਂ ਬੰਦ ਕਰ ਲਈਆਂ ਅਤੇ ਸੋਚ ਨੂੰ ਖੁੱਲਾ ਛੱਡ ਦਿੱਤਾ ਸੀ। ਦੋ ਸਾਲ ਦੀਆਂ ਯਾਦ-ਘਟਨਾਵਾਂ ਫਿਲਮ ਵਾਂਗ ਉਸ ਦੀ ਸੋਚ ਸ਼ਕਤੀ ਵਿਚੋਂ ਲੰਘ ਰਹੀਆਂ ਸਨ। ਯਾਦਾਂ ਦੀ ਲੜੀ ਟੁੱਟਦਿਆਂ ਹੀ ਉਸਨੇ ਉੱਠਕੇ ਆਪਣਾ ਮੂੰਹ ਸ਼ੀਸ਼ੇ ਵਿੱਚ ਵੇਖਿਆ। ਉਸ ਦੇ ਸਾਹਮਣੇ ਕੋਈ ਪਾਗਲਾਂ ਵਰਗੀ ਔਰਤ ਖੜ੍ਹੀ ਸੀ। ਉਸ ਨੇ ਇੱਕ ਉੱਚੀ ਚੀਕ ਮਾਰੀ। ਉਹ ਕੁਝ ਦੇਰ ਡਰਾਉਣੀ ਹਾਸੀ ਹੱਸਦੀ ਰਹੀ, ਫਿਰ ਉਹ ਅਵਾ ਤਵਾ ਬੋਲਣ ਲੱਗ ਗਈ, ਜਿਵੇਂ ਉਸ ਦੀ ਚੁੱਪ ਤਿੜਕ ਗਈ ਹੋਵੇ।

# ਪੁੱਠੀ ਸਿੱਧੀ ਰੀਤ

''ਤੇਰੇ ਫੈਸਲੇ ਲਈ ਤੈਨੂੰ ਮੁਬਾਰਕਾਂ ਪ੍ਰੀਤੀ, ਪਰ ਮੇਰਾ ਫੈਸਲਾ ਅਟੱਲ ਏ।''

''ਪਿਆਰ ਤਾਂ ਪ੍ਰੀਤਮ ਮੈਂ ਵੀ ਤੈਨੂੰ ਬਹੁਤ ਕਰਦੀ ਹਾਂ, ਪਰ ਮੇਰੀ ਮਜ਼ਬੂਰੀ ਏ ਮੈਂ ਮਾਪਿਆਂ ਦੇ ਵਿਰੁੱਧ ਨਹੀਂ ਜਾ ਸਕਦੀ ਅਤੇ ਨਾ ਹੀ ਤੇਰੇ ਜਿਹਾ ਕਠੋਰ ਫੈਸਲਾ ਹੀ ਕਰ ਸਕਦੀ ਹਾਂ।''

''ਤੇਰੇ ਬਿਨਾਂ ਜੀਣਾ ਮੇਰੇ ਲਈ ਕੋਈ ਅਰਥ ਵੀ ਤਾਂ ਨਹੀਂ ਰੱਖਦਾ।''

''ਤੂੰ ਫੈਸਲੇ ਕਦੇ ਵੀ ਬਦਲਿਆ ਨਹੀਂ ਕਰਦਾ। ਪਰ ਇਹ ਕੰਮ ਮੇਰੇ ਸੌਹਰੀਂ ਜਾਣ ਤੋਂ ਇੱਕ ਦੋ ਦਿਨ ਪਿੱਛੋਂ ਕਰੀਂ। ਹਾਂ ਸੱਚ ਇੱਕ ਆਖਰੀ ਮੰਗ ਪੂਰੀ ਕਰੇਂਗਾ।''

''ਹਾਂ ਦੱਸ।''

''ਜਿਹੜੀ ਮੈਂ ਆਪਣੇ ਨਾਮ ਲਿਖੇ ਵਾਲੀ ਰਿੰਗ ਤੈਨੂੰ ਦੇ ਕੇ ਪੁੱਠੀ ਰੀਤ ਚਲਾਈ ਸੀ, ਉਹ ਵਾਪਸ ਕਰਦੇ ਤਾਂ ਜੋ ਤੇਰੇ ਪਿੱਛੋਂ ਕੋਈ ਉਸ ਦਾ ਨਜਾਇਜ ਫਾਇਦਾ ਨਾ ਉਠਾ ਸਕੇ।''

''ਚੰਗਾ ਯਾਦ ਕਰਵਾ ਤਾ, ਉਹ ਤਾਂ ਮੈਂ ਭੁੱਲ ਹੀ ਗਿਆ ਸੀ। ਐਹ ਲੈ ਫੜ ਆਪਣੀ ਰਿੰਗ।''

''ਗੁੱਸਾ ਤਾਂ ਨੀ ਕੀਤਾ।''

''ਇਹ ਤਾਂ ਖੁਸ਼ੀ ਵਾਲੀ ਗੱਲ ਏ, ਹੁਣ ਮੈਨੂੰ ਮਰਨ ਦੀ ਵੀ ਕਾਹਲ ਨਹੀਂ ਰਹੀ। ਕਿਸੇ ਸਿੱਧੀ ਰਿੰਗ-ਰੀਤ ਵਾਲੀ ਨੂੰ ਪਰਖ ਕੇ ਵੇਖ ਲੈਣਾ ਚਾਹੁੰਦਾ ਹਾਂ। ਸਾਇਦ ਉਹ ਰਿੰਗ ਨਾਲੋਂ ਜਿੰਦਗੀ ਨੂੰ ਕੀਮਤੀ ਸਮਝਦੀ ਹੋਵੇ।

# ਨਵੇਂ ਰਿਸ਼ਤੇ

ਅਜੀਤ ਸਿੰਘ ਨੇ ਆਪਣੇ ਦਿਲ ਦੇ ਰੋਗੀ ਪਿਤਾ ਦੇ ਉਪਰੇਸ਼ਨ ਵਾਸਤੇ ਖ਼ੂਨ ਦਾ ਸਾਰਾ ਪ੍ਰਬੰਧ ਪਹਿਲਾਂ ਹੀ ਕਰ ਲਿਆ ਸੀ। ਇੱਕ ਬੋਤਲ ਤਾਜੇ ਖ਼ੂਨ ਦੀ ਲੋੜ ਬਾਕੀ ਸੀ।

ਉਸ ਨੇ ਆਪਣੀਆਂ ਭੈਣਾਂ ਅਤੇ ਨਜਦੀਕੀ ਭਰਾਵਾਂ ਨੂੰ ਬੁਲਾਕੇ ਖ਼ੂਨ ਦੇਣ ਦੀ ਬੇਨਤੀ ਕੀਤੀ। ਖ਼ੂਨ ਤਾਂ ਕਿਸੇ ਕੀ ਦੇਣਾ ਸੀ, ਖ਼ੂਨ ਟੈਸਟ ਕਰਵਾਉਣ ਲਈ ਵੀ ਕੋਈ ਰਾਜੀ ਨਹੀਂ ਹੋਇਆ ਸੀ।

ਘਰ ਦੀ ਨੂੰਹ ਜੋ ਘੁੰਢ ਕੱਢੀ ਆਏ ਰਿਸਤੇਦਾਰਾਂ ਦੀ ਚਾਹ ਪਾਣੀ ਨਾਲ ਸੇਵਾ ਕਰ ਰਹੀ ਸੀ, ਵਿੱਚੋਂ ਹੀ ਬੋਲ ਪਈ,

'ਬਾਪੂ ਜੀ ਲਈ ਖ਼ੂਨ ਮੈਂ ਦੇਵਾਂਗੀ। ਮੇਰੇ ਖ਼ੂਨ ਦਾ ਗਰੁੱਪ ਵੀ ਉਨ੍ਹਾਂ ਵਾਲਾ ਹੀ ਹੈ। ਪਰਾਈ ਸਮਝਕੇ ਤੁਸੀਂ ਮੈਨੂੰ ਪੁੱਛਿਆ ਤੱਕ ਵੀ ਨਹੀਂ।' ਉਸ ਦੇ ਬੋਲਾਂ ਨਾਲ ਰਿਸਤੇ ਦਾਰਾਂ ਦੇ ਸਿਰ ਤਾਂ ਝੁਕਣੇ ਹੀ ਸਨ ਨਾਲ ਦੰਦ ਵੀ ਜੁੜ ਗਏ ਸਨ।

ਸਫਲ ਉਪਰੇਸ਼ਨ ਪਿੱਛੋਂ ਜਦ ਬਜ਼ੁਰਗ ਘਰ ਆਇਆ ਤਾਂ ਸਭ ਤੋਂ ਪਹਿਲਾਂ ਉਸ ਨੇ ਆਪਣੀ ਨੂੰਹ ਨੂੰ ਪਿਆਰ ਦਿੱਤਾ ਅਤੇ ਨੂੰਹ ਨੇ ਸੌਹਰੇ ਦੇ ਪੈਰੀਂ ਹੱਥ ਲਾਏ।

'ਖ਼ੂਨ ਦੀ ਇਸ ਸਾਂਝ ਨਾਲ ਹੀ, ਆ ਬੇਟਾ ਆਪਾਂ 'ਨੂੰਹ-ਸੌਹਰੇ' ਦੇ ਰਿਸਤੇ ਨੂੰ 'ਬਾਪ ਬੇਟੀ' ਵਿੱਚ ਬਦਲ ਲਈਏ।'

ਨੂੰਹ ਨੇ ਘੁੰਢ ਚੁੱਕਕੇ ਆਪਣੀ ਸਵੀਕ੍ਰਿਤੀ ਦੇ ਦਿੱਤੀ ਅਤੇ ਸੌਹਰੇ ਨੇ ਉਸ ਦੇ ਸਿਰ ਨੂੰ ਮੁਰੰਮਤ ਹੋਏ ਦਿਲ ਨਾਲ ਲਾਕੇ ਨਵੇਂ ਰਿਸਤੇ ਉੱਤੇ ਆਪਣੀ ਮੋਹਰ ਲਗਾ ਦਿੱਤੀ।

# ਨਵੀਂ ਆਸ

ਫੌਜੀ ਪੈਨਸਨਰ ਗੁਲਜ਼ਾਰ ਸਿੰਘ ਨੇ ਬੜੇ ਲੋਕਾਂ ਦੇ ਕੰਮ ਕੀਤੇ ਸਨ। ਉਸ ਦੇ ਦਰ ਤੋਂ ਕੋਈ ਸਵਾਲੀ ਖਾਲੀ ਨਹੀਂ ਮੁੜਿਆ ਸੀ। ਉਸਦੇ ਬਚਨ ਦੀ ਕੋਈ ਆਸ ਨਹੀਂ ਸੀ। ਉਸਦੇ ਦਿਲੀ ਰੋਗ ਨੂੰ ਤੁਰੰਤ ਉਪਰੇਸ਼ਨ ਦੀ ਲੋੜ ਸੀ। ਸਾਰੇ ਪ੍ਰਬੰਧ ਹੋ ਗਏ ਸਨ, ਖੂਨ ਵਲੋਂ ਕੰਮ ਅਟਕਿਆ ਪਿਆ ਸੀ। ਸਕੂਲ ਦੀ ਇੱਕ ਪ੍ਰਿੰਸੀਪਲ ਫਰਿਸ਼ਤਾ ਬਣਕੇ ਆ ਪੁੱਜੀ। ਉਸ ਨੇ ਖੂਨ ਵੀ ਦਿੱਤਾ ਅਤੇ ਹੋਰ ਖੂਨ ਦਾਨੀ ਵੀ ਤਿਆਰ ਕੀਤੇ।

ਸਫਲ ਉਪਰੇਸ਼ਨ ਪਿੱਛੋਂ ਬਜ਼ੁਰਗ ਆਪਣੇ ਘਰ ਆਰਾਮ ਕਰ ਰਿਹਾ ਸੀ, ਜਦੋਂ ਪ੍ਰਿੰਸੀਪਲ ਉਸ ਦੇ ਘਰ ਦਾ ਬੂਹਾ ਖੋਲ੍ਹ ਕੇ ਅੰਦਰ ਲੰਘ ਆਈ। ਬਾਬੇ ਦੀਆਂ ਖੁਸ਼ੀ ਵਿੱਚ ਅੱਖਾਂ ਭਰ ਆਈਆਂ ਅਤੇ ਉਸ ਨੇ ਕੁੜੀ ਦੇ ਹੱਥ ਨੂੰ ਆਪਣੇ ਮੁਰੰਮਤ ਹੋਏ ਦਿਲ ਉੱਤੇ ਰੱਖਕੇ ਪੁੱਛਿਆ।

'ਸਵਾਲੀ ਨੂੰ ਤਾਂ ਦਾਨੀ ਦੇ ਘਰ ਜਾਣਾ ਹੀ ਪੈਂਦਾ ਏ। ਦਾਨੀ ਦਾ ਸਵਾਲੀ ਦੇ ਘਰ ਆਉਣਾ ਅੱਜ ਪਹਿਲੀ ਵਾਰ ਵੇਖਿਆ ਏ।'

'ਨਹੀਂ ਬਜ਼ੁਰਗੋ, ਲੋਕ ਸੇਵਾ ਦਾ ਤਾਂ ਮੈਨੂੰ ਝੱਲ ਜਿਹਾ ਏ।'

'ਝੱਲ ਤਾਂ ਬਣਿਆ ਰਹੇ। ਇਸ ਅਜਬ ਖੂਨ ਦੇ ਮੇਲ ਤੋਂ ਕਿਹੜਾ ਰਿਸਤਾ ਬਣਾਉਣਾ ਚਾਹੋਗੇ?'

'ਮੈਨੂੰ ਅੰਕਲ-ਬੇਟੀ ਚੰਗਾ ਲੱਗਦਾ ਏ। ਅੰਕਲ ਜੀ ਤੁਸੀਂ ਮੇਰੇ ਪੁੱਤਰ ਦੇ ਵਿਆਹ ਉੱਤੇ ਆਵੋਗੇ ਨਾ।''

''ਜਰੂਰ, ਆਪਣੇ ਪੋਤਰੇ ਦੇ ਜਨਮ ਅਤੇ ਛਟੀ ਉੱਤੇ ਵੀ ਸੁਨੇਹਾ ਦੇਣਾ ਨਾ ਭੁੱਲ ਜਾਵੀਂ।'

ਅੰਕਲ ਨੇ ਭਵਿੱਖ ਦੀ ਨਵੀਂ ਆਸ ਵੀ ਦਿਲ ਧੜਕਾ ਦਿੱਤੀ ਸੀ।

# ਲਛਮਣ ਰੇਖਾ

ਰਾਮ ਸਰਨ ਉੱਚੀਆਂ ਸੋਚਾਂ ਵਾਲਾ ਬੁੱਧੀਜੀਵੀ ਮਨੁੱਖ ਸੀ। ਉਹ ਕਿਹਾ ਕਰਦਾ ਸੀ ਕਿ ਉਸ ਦੀ ਪਤਨੀ ਸੀਤਾ ਰਾਣੀ ਉਸ ਦੀ ਨਹੀਂ ਉਸਦੇ ਮਾਪਿਆਂ ਦੀ ਪਸੰਦ ਸੀ। ਉਹ ਰਾਤ ਨੂੰ ਘਰ ਲੇਟ ਪਹੁੰਚਦਾ ਅਤੇ ਪਤਨੀ ਨਾਲ ਘੱਟ ਹੀ ਜਬਾਨ ਸਾਂਝੀ ਕਰਿਆ ਕਰਦਾ ਸੀ। ਸੀਤਾ ਰਾਣੀ ਅਮੀਰ ਮਾਪਿਆਂ ਦੀ ਖੁੱਲੇ ਖਿਆਲਾਂ ਵਾਲੀ ਅੱਤ ਸੁੰਦਰ ਯੁਵਤੀ ਸੀ। ਉਸ ਦਾ ਦਿਉਰ ਲਛਮਣ ਅੰਗ ਰਕਸ਼ਕ ਹੋਣ ਦੇ ਨਾਲ ਨਾਲ ਉਸਦਾ ਸਲਾਹਕਾਰ ਅਤੇ ਜੀ ਹਜੂਰੀਆ ਵੀ ਸੀ।

ਫੁੱਲਾਂ ਨਾਲ ਸਜੀ ਕੋਠੀ ਸੀਤਾ ਦੀ ਪੁਸ਼ਪ ਬਾਟਿਕਾ ਸੀ। ਉਹ ਸਾਰਾ ਦਿਨ ਉਸ ਵਿੱਚ ਟਹਿਲਦੀ ਰਹਿੰਦੀ ਸੀ। ਕੋਠੀ ਦਾ ਵੱਡਾ ਗੇਟ ਉਸ ਲਈ ਲਛਮਣ-ਰੇਖਾ ਸੀ ਅਤੇ ਉਹ ਇਸ ਨੂੰ ਘੱਟ ਹੀ ਪਾਰ ਕਰਦੀ ਸੀ।

ਸੀਤਾ ਰਾਣੀ ਨੇ ਆਪਣਾ ਅੰਤਮ ਫੈਸਲਾ ਕਰ ਲਿਆ ਸੀ। ਅਟੈਚੀਕੇਸ ਵਿੱਚ ਕੁਝ ਕੱਪੜੇ, ਗਹਿਣੇ ਅਤੇ ਨਕਦੀ ਪਾ ਕੇ ਤਿਆਰ ਕਰ ਰੱਖਿਆ ਸੀ। ਗੇਟ ਉੱਤੇ ਕਾਰ ਦਾ ਹੌਰਨ ਵਜਦਿਆਂ ਹੀ ਉਹ ਅਟੈਚੀ ਚੁੱਕ ਕੇ ਟੁਰ ਪੈਂਦੀ ਏ। ਉਹ ਪਿੱਛੇ ਮੁੜਕੇ ਕੋਠੀ ਵੱਲ ਵੇਖਦੀ ਏ। ਖਿਆਲਾਂ ਵਿੱਚ ਉਸ ਦਾ ਪਤੀ ਸਿਰ ਚੁਕਦਾ ਏ, ਉਹ ਬੇਧਿਆਣੇ ਅੱਗੇ ਵਧੀ ਜਾਂਦੀ ਏ। ਪੈਰੀਂ ਹੱਥ ਲਾਉਂਦਾ, ਰੱਖੜੀ ਬਣਾਉਂਦਾ ਲਛਮਣ ਯਾਦ ਆਉਂਦਾ ਏ, ਉਹ ਫਰਜਾਂ, ਗਰਜ਼ਾਂ ਨੂੰ ਪਿੱਛੇ ਛੱਡਦੀ ਗੇਟ ਵੱਲ ਚੱਲਦੀ ਰਹਿੰਦੀ ਏ, ਜਿੱਥੇ ਉਸ ਦੀ ਆਜ਼ਾਦੀ ਉਸ ਨੂੰ ਉਡੀਕ ਰਹੀ ਸੀ।

ਗੇਟ ਕੋਲ ਪੁੱਜ ਕੇ ਉਹ ਰੁਕ ਜਾਂਦੀ ਏ। ਮਾਪਿਆਂ ਦੀ ਬਦਨਾਮੀ, ਭੈਣ ਭਰਾਵਾਂ ਦਾ ਪਿਆਰ ਅਤੇ ਸਮਾਜ ਦੀ ਕਰੋਪੀ ਉਸ ਦੇ ਪੈਰਾਂ ਨੂੰ ਜਕੜਨ ਦੀ ਕੋਸ਼ਿਸ਼ ਕਰਦੇ ਹਨ। ਉਹ ਸੋਚ ਦੇ ਇੱਕੋ ਝਟਕੇ ਨਾਲ ਲਛਮਣ ਰੇਖਾ ਪਾਰ ਕਰ ਜਾਂਦੀ ਏ।

# ਅਪਾਹਜ ਸੋਚ

ਅਪਾਹਜ ਸੈਂਟਰ ਦਾ ਹਾਲ ਬੱਚਿਆਂ ਦੀਆਂ ਕਿਲਕਾਰੀਆਂ ਨਾਲ ਗੂੰਜ ਰਿਹਾ ਸੀ। ਉਹ ਬਹੁਤ ਖੁਸ਼ ਜਾਪਦੇ ਸਨ। ਖੁਸ਼ ਵੀ ਕਿਉਂ ਨਾ ਹੁੰਦੇ ਅੱਜ ਉਨ੍ਹਾਂ ਨੂੰ ਖਾਣ ਲਈ ਚੰਗਾ ਚੋਖਾ ਮਿਲ ਰਿਹਾ ਸੀ। ਭਾਂਤ-ਭਾਂਤ ਦੀਆਂ ਮਿਠਾਈਆਂ, ਕਈ ਕਿਸਮ ਦੀਆਂ ਨਮਕੀਨ ਚੀਜਾਂ, ਬਹੁਤ ਕਿਸਮ ਦੇ ਤਲੇ ਪਦਾਰਥ, ਚਾਹ, ਕੌਫੀ, ਠੰਢਾ ਆਦਿ ਉਨ੍ਹਾਂ ਲਈ ਮੇਜਾਂ ਉੱਤੇ ਸਜਾ ਕੇ ਰੱਖੇ ਹੋਏ ਸਨ। ਬੱਚੇ ਆਪਣੇ ਸ਼ੌਂਕ ਦੀਆਂ ਚੀਜਾਂ ਆਪਣੀ ਮਨ ਮਰਜੀ ਨਾਲ ਖਾ ਰਹੇ ਸਨ।

ਅੱਜ ਦੇ ਅਪਹਾਜ ਦਿਨ ਉਤੇ ਖਾਣ, ਪੀਣ ਦੀਆਂ ਚੀਜਾਂ ਦੇ ਨਾਲ ਨਾਲ ਖੇਡਾਂ, ਸੰਗੀਤ ਅਤੇ ਕਲਚਰਲ ਪ੍ਰੋਗਰਾਮ ਵੀ ਚੱਲ ਰਹੇ ਸਨ। ਸ਼ਾਮ ਹੁੰਦਿਆਂ ਹੀ ਸਾਰਾ ਸੈਂਟਰ ਬਿਜਲੀ ਦੀਆਂ ਰੰਗ ਵਰੰਗੀਆਂ ਬੱਤੀਆਂ ਨਾਲ ਜਗਮਗਾ ਉੱਠਿਆ ਸੀ।

ਵਧੇਰੇ ਬੱਚਿਆਂ ਲਈ ਇਹ ਦਿਨ ਬੜੀਆਂ ਖੁਸ਼ੀਆਂ ਲੈ ਕੇ ਆਇਆ ਸੀ ਪਰ ਕੁਝ ਵਿਸ਼ੇਸ਼ ਬੱਚਿਆਂ ਨੂੰ ਪ੍ਰੋਗਰਾਮ ਦੀ ਅਪਾਹਜਤਾ ਕੁਝ ਰੜਕ ਰਹੀ ਸੀ। ਅੰਨਿਆਂ ਲਈ ਰੋਸ਼ਨੀਆਂ ਸੋਚ-ਹੀਣ, ਗੂੰਗਿਆਂ, ਵਹਿਰਿਆਂ ਲਈ ਸੰਗੀਤ ਅਰਥਹੀਣ ਅਤੇ ਲੂਲੇ , ਲੰਗੜਿਆਂ ਲਈ ਖੇਡਾਂ ਖਿੱਚ ਰਹਿਤ ਸਨ। ਅੱਤ ਦੀ ਠੰਢ ਵਿੱਚ ਵੀ ਸਾਰੇ ਖੁਸ਼ ਸਨ। ਉਨ੍ਹਾਂ ਅੱਜ ਖਾਣਾ ਤਾਂ ਰੱਜਕੇ ਖਾਧਾ ਹੀ ਸੀ ਨਾਲੇ ਨਿੱਤ ਦੀਆਂ ਝਿੜਕਾਂ ਤੋਂ ਵੀ ਬਚੇ ਰਹੇ ਸੀ।

'ਅਪਾਹਜ ਦਿਨ ਰੋਜ ਨਹੀਂ ਆ ਸਕਦਾ?' ਇਹ ਅਪਾਹਜਾਂ ਦੀ ਚਾਹਤ ਸੋਚ ਸੀ।

'ਚਲੋ ਫੰਡ ਵੀ ਗਲੋਂ ਲੱਥੇ ਨਾਲੇ ਕੁਝ ਪੱਲੇ ਵੀ ਪਿਆ।' ਇਹ ਪ੍ਰਬੰਧਕਾ ਦੀ ਅਪਾਹਜ ਸੋਚ ਸੀ।

# ਬੱਚਾ ਚੁੱਪ ਸੀ

ਸ਼ਹਿਰ ਦੀ ਸੜਕ ਕੰਢੇ ਕੂੜਾਦਾਨ ਕੋਲ ਕੱਪੜੇ ਵਿੱਚ ਲਪੇਟਿਆ ਸਜਾਇਆ ਬੱਚਾ ਰੋ ਰਿਹਾ ਸੀ। ਬਹੁਤ ਸਾਰੇ ਲੋਕ ਇਕੱਠੇ ਹੋ ਗਏ ਸਨ। ਹਰ ਇੱਕ ਇਸ ਬੱਚੇ ਬਾਰੇ ਸੋਚ ਰਿਹਾ ਸੀ।

'ਕਿਸੇ ਕੁਆਰੀ ਦਾ ਹੋਵੇਗਾ।' ਇੱਕ ਬੋਲਿਆ।

'ਬਦਨਾਮੀ ਤੋਂ ਡਰਦੀ ਇੱਥੇ ਸੁੱਟ ਗਈ ਹੋਵੇਗੀ।' ਦੂਜੇ ਦਾ ਵਿਚਾਰ ਸੀ


'ਹੋਰ ਉਹ ਵਿਚਾਰੀ ਕਰ ਵੀ ਕੀ ਸਕਦੀ ਸੀ।' ਤੀਜਾ ਮਾਂ ਦੇ ਹੱਕ ਵਿੱਚ ਭੁਗਤ ਗਿਆ ਸੀ।

'ਇਸ ਦੇ ਤਾਂ ਜਮਾਦਰੂ ਦੰਦ ਹਨ੍ਹ ਇਹ ਤਾਂ ਕੁਸਗਣੀ ਬੱਚਾ ਲੱਗਦਾ ਏ।' ਕਿਸੇ ਨੇ ਰੋਂਦੇ ਬੱਚੇ ਦੇ ਦੰਦ ਵੇਖ ਲਏ ਸਨ ਅਤੇ ਉਸਨੇ ਇਸ ਦੇ ਸੁੱਟਣ ਦੇ ਕਾਰਨ ਵੱਲ ਸੰਕੇਤ ਕਰ ਦਿੱਤਾ ਸੀ।

'ਕਿੰਨਾ ਸੋਹਣਾ ਮੁੰਡਾ ਏ।' ਕਿਸੇ ਹੋਰ ਦੀ ਨਜ਼ਰ ਨੇ ਬੱਚੇ ਦਾ ਮੁੱਲ ਵਧਾ ਦਿੱਤਾ ਸੀ।

ਸਾਰਿਆਂ ਦੀ ਆਗਿਆ ਨਾਲ ਕਿਸੇ ਨੇ ਮੁੰਡੇ ਨੂੰ ਚੁੱਕ ਲਿਆ ਸੀ ਅਤੇ ਉਹ ਆਪਣੀ ਕਾਰ ਵੱਲ ਜਾ ਰਿਹਾ ਸੀ।

ਜਿੰਨੇ ਮੂੰਹ ਸਨ ਹਾਲੀ ਵੀ ਉਨੀਆਂ ਹੀ ਗੱਲਾਂ ਹੋ ਰਹੀਆਂ ਸਨ ਪਰ ਬੱਚਾ ਹੁਣ ਚੁੱਪ ਸੀ।



ਈਸ਼ਰ ਸਿੰਘ ਮੌਜੀ